# ਉੱਤਰ-ਸੰਰਚਨਾਵਾਦ ਅਤੇ ਉੱਤਰ-ਮਾਰਕਸਵਾਦ

ਜਗਬੀਰ ਸਿੰਘ*

ਵੀਹਵੀਂ ਸਦੀ ਦੌਰਾਨ ਚਿੰਤਨ ਅਤੇ ਚੇਤਨਾ ਦੇ ਖੇਤਰ ਵਿਚ ਅਜਿਹੀਆਂ ਮੱਹਤਵਪੂਰਣ ਸਰਗਰਮੀਆਂ ਸਾਮ੍ਹਣੇ ਆਈਆਂ ਹਨ ਜਿਨ੍ਹਾਂ ਨੇ ਗਿਆਨ-ਖੇਤਰ ਵਿਚ ਕ੍ਰਾਂਤੀਕਾਰੀ ਬੌਧਿਕ ਲਹਿਰਾਂ ਨੂੰ ਜਨਮ ਦਿੱਤਾ ਹੈ। ਇਨ੍ਹਾਂ ਨੇ ਜੀਵਨ ਅਤੇ ਯਥਾਰਥ ਬਾਰੇ ਬਹੁਤ ਸਾਰੀਆਂ ਪ੍ਰਚੱਲਤ ਧਾਰਣਾਵਾਂ ਨੂੰ ਰੱਦ ਕਰਕੇ ਮਾਨਵ-ਵਿਅਕਤੀ, ਸਮਾਜ, ਸਭਿਆਚਾਰ, ਇਤਿਹਾਸ ਅਤੇ ਯਥਾਰਥ ਦੇ ਅਧਿਐਨ ਲਈ ਗਿਆਨ ਦੇ ਨਵੇਂ ਪਰਿਪੇਖ ਉਜਾਗਰ ਕੀਤੇ ਹਨ। ਮਾਨਵੀ ਸੰਦਰਭ ਵਿਚ ਸੱਚ ਅਤੇ ਗਿਆਨ ਦੇ ਸੰਕਲਪਾਂ ਨੂੰ ਪੁਨਰ-ਪਰਿਭਾਸ਼ਿਤ ਕਰਨ ਵਾਲੀਆਂ ਇਨ੍ਹਾਂ ਪ੍ਰਮੁੱਖ ਬੌਧਿਕ ਲਹਿਰਾਂ ਵਿਚ ਸੰਰਚਨਾਵਾਦ, ਉੱਤਰ-ਸੰਰਚਨਾਵਾਦ, ਚਿਹਨਵਿਗਿਆਨ, ਮਾਰਕਸਵਾਦ, ਅਤੇ ਨਵ-ਮਾਰਕਸਵਾਦ ਦਾ ਨਾਮ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ। ਵਿਸ਼ਵ-ਵਿਆਪੀ ਮਹੱਤਵ ਵਾਲੀਆਂ ਇਨ੍ਹਾਂ ਬੌਧਿਕ ਲਹਿਰਾਂ ਨੇ ਆਮ ਸੂਝ, ਪਰਮਪਰਕ ਸੋਚ ਅਤੇ ਗਿਆਨ ਦੇ ਰਵਾਇਤੀ ਮਾੱਡਲਾਂ ਨੂੰ ਚੁਣੌਤੀ ਦੇ ਕੇ ਚਿੰਤਨ ਅਤੇ ਚੇਤਨਾ ਦੇ ਨਵੇਂ ਸੰਗਠਨ ਉਸਾਰਨ ਦਾ ਉਪਰਾਲਾ ਕੀਤਾ ਹੈ। ਸੱਚ ਤਾਂ ਇਹ ਹੈ ਕਿ ਅਜੋਕੇ ਵਿਸ਼ਵ-ਚਿੰਤਨ ਵਿਚ ਗਿਆਨ-ਸ਼ਾਸਤਰ ਦਾ ਜੋ ਨਵਾਂ ਸੰਕਲਪ ਉੱਭਰ ਕੇ ਸਾਮ੍ਹਣੇ ਆਇਆ ਹੈ ਉਸਨੂੰ ਉਸਾਰਨ ਵਿਚ ਇਨ੍ਹਾਂ ਚਿੰਤਨਧਾਰਾਵਾਂ ਦਾ ਹੀ ਮਹੱਤਵਪੂਰਣ ਯੋਗਦਾਨ ਹੈ। ਇਸ ਨਵੇਂ ਉਸਰ ਰਹੇ ਗਿਆਨਸ਼ਾਸਤਰ ਨੇ ਮਨੁੱਖ ਦੇ ਯਥਾਰਥ-ਬੋਧ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਸਗੋਂ ਸਾਮਾਜਿਕ ਵਰਤਾਰੇ ਅਤੇ ਸਭਿਆਚਾਰਕ ਵਿਹਾਰ ਬਾਰੇ ਵੀ ਨਵੀਂ ਸੂਝ ਅਤੇ ਸਮਝ ਵਿਕਸਿਤ ਕਰਨ ਦਾ ਉਪਰਾਲਾ ਕੀਤਾ ਹੈ। ਇਸਤੋਂ ਇਲਾਵਾ ਇਸਨੇ ਸਿੱਧਾਂਤੀਕਰਣ ਦੀ ਨਵੀਂ ਪ੍ਰਕਿਰਿਆ ਨੂੰ ਉਤਸਾਹਿਤ ਕਰਕੇ ਸਾਹਿੱਤ ਅਤੇ ਸੱਭਿਆਚਾਰ ਦੇ ਅਧਿਐਨ ਲਈ ਵੀ ਕ੍ਰਾਂਤੀਕਾਰੀ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕੀਤੀਆਂ ਹਨ। ਹਥਲੇ ਪਰਚੇ ਵਿਚ ਸਾਡਾ ਮੁੱਖ ਮੰਤਵ ਉੱਤਰ-ਸੰਰਚਨਾਵਾਦ ਅਤੇ ਉੱਤਰ-ਮਾਰਕਸਵਾਦ ਦੇ ਸੰਕਲਪਗਤ ਸਰੂਪ ਨੂੰ ਸਪਸ਼ਟ ਕਰਨਾ ਅਤੇ ਇਨ੍ਹਾਂ ਦੀ ਅਰਥ-ਸਾਰਥਕਤਾ ਦਾ ਤੁਲਨਾਤਮਕ ਪਰਿਪੇਖ ਉਸਾਰਨਾ ਹੈ। ਇਸਦੇ ਨਾਲ ਹੀ ਅਸੀਂ ਇਨ੍ਹਾਂ ਦੇ ਸਾਹਿੱਤ-ਚਿੰਤਨ ਅਤੇ ਸਮੀਖਿਆ ਨਾਲ ਸੰਬੰਧਿਤ ਸਰੋਕਾਰਾਂ ਨੂੰ ਵੀ ਦ੍ਰਿਸ਼ਟੀਗੋਚਰ ਕਰਨ ਦਾ ਉਪਰਾਲਾ ਕੀਤਾ ਹੈ।

ਮੁੱਢਲੀ ਗੱਲ ਇਹ ਹੈ ਕਿ ਉੱਤਰ-ਸੰਰਚਨਾਵਾਦ ਅਤੇ ਉੱਤਰ-ਮਾਰਕਸਵਾਦ, ਦੋਵੇਂ ਹੀ, '**ਉੱਤਰ**' ਸਥਿਤੀ ਦੇ ਲਖਾਇਕ ਸੰਕਲਪ ਹਨ। ਇਨ੍ਹਾਂ ਨਾਲ ਜੁੜਿਆ '**ਉੱਤਰ**' (post) ਸ਼ਬਦ ਇਸੇ ਗੱਲ ਦਾ ਪ੍ਰਮਾਣ ਹੈ। ਜ਼ਾਹਰ ਹੈ ਕਿ ਅਜਿਹੀ ਸਥਤੀ ਵਿਚ ਇਨ੍ਹਾਂ ਸੰਕਲਪਾਂ ਦੀ ਉਚਿਤ ਵਿਆਖਿਆ ਇਨ੍ਹਾਂ ਦੀ '**ਪੂਰਬ**' ਸਥਿਤੀ ਦੇ ਸੰਦਰਭ ਵਿਚ ਹੀ ਕੀਤੀ ਜਾ ਸਕਦੀ ਹੈ ਕਿਉਂਜੋ ਇਹ ਦੋਵੇਂ ਸੰਕਲਪ-ਜੁੱਟ ਪਰਸਪਰ ਸਮਾਨਤਾ ਅਤੇ ਵਿਰੋਧ ਦੇ ਰਿਸ਼ਤੇ ਵਿਚ ਬੱਝੇ ਹੋਏ

* ਸਾਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।

ਹਨ। ਦੂਸਰੇ ਸ਼ਬਦਾਂ ਵਿਚ ਉੱਤਰ-ਸੰਰਚਨਾਵਾਦ ਨੂੰ ਸੰਰਚਨਾਵਾਦ ਅਤੇ ਉੱਤਰ-ਮਾਰਕਸਵਾਦ ਨੂੰ ਮਾਰਕਸਵਾਦ ਨਾਲ ਸੰਬੰਧਿਤ ਕਰਕੇ ਹੀ ਵਾਚਿਆ ਜਾ ਸਕਦਾ ਹੈ। ਇਥੇ ਇਕ ਗੱਲ ਚੇਤੇ ਰੱਖਣ ਵਾਲੀ ਹੈ ਕਿ ਕੁਝ ਸਮਕਾਲੀ ਚਿੰਤਕਾਂ ਨੇ ਉੱਤਰ-ਮਾਰਕਸਵਾਦ ਦੀ ਥਾਵੇਂ 'ਨਵ-ਮਾਰਕਸਵਾਦ' ਸ਼ਬਦ ਦੀ ਵਰਤੋਂ ਕਰਨੀ ਵਧੇਰੇ ਉਚਿਤ ਸਮਝੀ ਹੈ। ਕਾਰਣ ਇਹ ਹੈ ਕਿ ਇਸ ਚਿੰਤਨ-ਵਿਧੀ ਦੀ ਮਾਰਕਸਵਾਦੀ ਫ਼ਲਸਫ਼ੇ ਅਤੇ ਵਿਸ਼ਵ-ਦ੍ਰਿਸ਼ਟੀ ਨਾਲ ਬੁਨਿਆਦੀ ਸਾਂਝ ਹੈ।

ਸੱਭ ਤੋਂ ਪਹਿਲਾਂ ਉੱਤਰ-ਸੰਰਚਨਾਵਾਦ ਦੀ ਗੱਲ ਕੀਤੀ ਜਾ ਸਕਦੀ ਹੈ। ਜਿਹਾ ਕਿ ਉੱਪਰ ਸੰਕੇਤ ਕੀਤਾ ਗਿਆ ਹੈ, ਉੱਤਰ-ਸੰਰਚਨਾਵਾਦ ਦੀਆਂ ਜੜ੍ਹਾਂ ਸੰਰਚਨਾਵਾਦ ਵਿਚ ਪਈਆਂ ਹੋਈਆਂ ਹਨ। ਹਕੀਕਤ ਵਿਚ ਇਹ ਚਿੰਤਨ-ਪ੍ਰਣਾਲੀ ਸੰਰਚਨਾਵਾਦ ਦੇ ਪ੍ਰਤਿਉੱਤਰ ਵਿਚੋਂ ਹੀ ਉੱਭਰ ਕੇ ਸਾਮ੍ਹਣੇ ਆਈ ਹੈ।[1] ਵੀਹਵੀਂ ਸਦੀ ਦੇ ਪਹਿਲੇ ਅੱਧ ਤਕ ਮਨੁੱਖੀ ਹੋਂਦ ਬਾਰੇ ਕਈ ਸੰਰਚਨਾਤਮਕ ਸਿੱਧਾਂਤ ਪ੍ਰਚੱਲਤ ਹੋ ਚੁੱਕੇ ਸਨ। ਮਿਸਾਲ ਵਜੋਂ ਸਵਿਸ ਭਾਸ਼ਾਵਿਗਿਆਨੀ ਸੋਸਿਊਰ ਦਾ ਭਾਸ਼ਾ-ਚਿੰਤਨ, ਕਾਰਲ ਮਾਰਕਸ ਦਾ ਸਾਮਾਜਿਕ-ਆਰਥਿਕ ਵਿਸ਼ਲੇਸ਼ਣ ਅਤੇ ਫ੍ਰਾਇਡ ਦਾ ਮਨੋਵਿਸ਼ਲੇਸ਼ਣ ਕਿਸੇ ਨਾ ਕਿਸੇ ਰੂਪ ਵਿਚ ਸੰਰਚਨਾ ਦੇ ਸੰਕਲਪ ਨੂੰ ਹੀ ਸਾਮ੍ਹਣੇ ਰੱਖਦਾ ਹੈ। ਸਿੱਧਾਂਤਕ ਤੌਰ ਤੇ ਸੰਰਚਨਾਵਾਦ ਸੋਸਿਊਰ ਦੇ ਭਾਸ਼ਾ-ਦਰਸ਼ਨ ਤੋਂ ਪ੍ਰਭਾਵਿਤ ਅਤੇ ਪ੍ਰੇਰਿਤ ਚਿੰਤਨ-ਵਿਧੀ ਹੈ। ਸੋਸਿਊਰ ਅਨੁਸਾਰ ਭਾਸ਼ਾ ਦਾ ਅਰਥ ਵਿਕੋਲਿਤਰੇ ਸ਼ਬਦਾਂ ਵਿਚ ਨਹੀਂ ਸਗੋਂ ਉਸਦੀ ਸਮੁੱਚੀ ਸੰਰਚਨਾ ਵਿਚ ਪਿਆ ਹੁੰਦਾ ਹੈ। ਉਸਨੇ ਭਾਸ਼ਾ ਦੇ ਤੁਲਨਾਤਮਕ / ਇਤਿਹਾਸਕ ਅਧਿਐਨ ਦੀ ਪ੍ਰਚੱਲਤ ਪਰੰਪਰਾ ਨੂੰ ਛੱਡ ਕੇ ਉਸਦੇ ਵਿਗਿਆਨਕ ਅਧਿਐਨ ਦੀ ਰੀਤ ਤੋਰੀ। ਸੋਸਿਊਰ ਦੇ ਭਾਸ਼ਾ-ਚਿੰਤਨ ਦਾ ਆਧਾਰ 'ਚਿਹਨ' ਅਤੇ 'ਸੰਰਚਨਾ' ਦੇ ਸੰਕਲਪਾਂ ਉੱਪਰ ਟਿਕਿਆ ਹੋਇਆ ਹੈ। ਉਸਦੇ ਮਤ ਅਨੁਸਾਰ ਭਾਸ਼ਾ ਚਿਹਨਾਂ ਦਾ ਸੰਗਠਿਤ ਪ੍ਰਬੰਧ ਹੈ ਜਿਸਦਾ ਵਿਗਿਆਨਕ ਅਧਿਐਨ ਉਸਦੀ ਅੰਦਰਲੀ ਸੰਰਚਨਾ (structure) ਅਤੇ ਉਸ ਵਿਚਲੇ ਸੰਗਠਨਕਾਰੀ ਨੇਮ-ਪ੍ਰਬੰਧਾਂ ਨੂੰ ਮੁੱਖ ਰੱਖ ਕੇ ਹੀ ਕੀਤਾ ਜਾ ਸਕਦਾ ਹੈ। ਉਸਨੇ ਚਿਹਨ ਨੂੰ ਭਾਸ਼ਾਈ ਪ੍ਰਬੰਧ ਦੀ ਮੂਲ ਇਕਾਈ ਮੰਨਦਿਆਂ ਉਸਦੀ ਦੁਪੱਖੀ ਰੂਪਰਚਨਾ (ਧੁਨੀ ਬਿੰਬ = signifier + ਸੰਕਲਪ = signified) ਵਲ ਸੰਕੇਤ ਕੀਤਾ ਜੋ ਇਸ ਖੇਤਰ ਦੀ ਮਹੱਤਵਪੂਰਣ ਉਪਲੱਬਧੀ ਮੰਨੀ ਜਾ ਸਕਦੀ ਹੈ। ਸੋਸਿਊਰ ਨੇ ਭਾਸ਼ਾਈ ਸੰਰਚਨਾ ਨੂੰ ਚਿਹਨ (sign) ਅਤੇ ਕੋਡ (code) ਦੇ ਹਵਾਲੇ ਨਾਲ ਸਮਝਾਉਣ ਦੀ ਚੇਸ਼ਟਾ ਕੀਤੀ। ਉਸਦੇ ਮਤ-ਅਨੁਸਾਰ ਭਾਸ਼ਾ ਦਾ ਵਿਗਿਆਨ ਉਸਾਰਨ ਲਈ ਭਾਸ਼ਾ ਦੀ ਵਿਹਾਰਕ ਵਰਤੋਂ (ਉਚਾਰ = parole) ਨਾਲੋਂ ਉਸਦੇ ਇਕਾਲਕ ਪ੍ਰਬੰਧ (langue) ਉੱਤੇ ਧਿਆਨ ਕੇਂਦ੍ਰਿਤ ਕਰਨਾ ਵਧੇਰੇ ਜ਼ਰੂਰੀ ਹੈ।

---

[1] "[Post-Structuralism is a] Movement of thought in various fields – literary criticism, cultural studies, political theory, sociology, ethnography, historiography, psychoanalysis – which grew out of (and to some extent reacted against) the earlier structuralist paradigm adopted by mainly French theorists in the 1950s and1960s."

Edgar, Andrew and Peter Sedgwick (eds.); **Key Concepts in Cultural Theory**, Routledge, London, p-298.

ਸੋਸਿਊਰ ਦੇ ਇਸ ਸੰਰਚਨਾਤਮਕ ਭਾਸ਼ਾਵਿਗਿਆਨ ਨੇ ਵਸਤੂਮੂਲਕ / ਵਿਗਿਆਨਕ ਅਧਿਐਨ ਦੇ ਹਵਾਲੇ ਨਾਲ ਜੋ ਅੰਤਰ-ਦ੍ਰਿਸ਼ਟੀ ਪ੍ਰਦਾਨ ਕੀਤੀ ਉਸ ਵਿਚ ਸਮਾਜ-ਸੱਭਿਆਚਾਰ ਦੇ ਵਿਭਿੰਨ ਵਰਤਾਰਿਆਂ ਅਤੇ ਵਿਹਾਰਾਂ ਦਾ ਇਸੇ ਕਿਸਮ ਦਾ ਵਿਗਿਆਨ ਉਸਾਰਨ ਦੀ ਸੰਭਾਵਨਾ ਮੌਜੂਦ ਸੀ। ਇਸੇ ਹੀ ਚੇਤਨਾ ਅਧੀਨ ਖ਼ੁਦ ਸੋਸਿਊਰ ਨੇ ਚਿਹਨਵਿਗਿਆਨ (semiology) ਦੇ ਰੂਪ ਵਿਚ ਇਕ ਅਜਿਹੇ ਸੰਭਾਵੀ ਗਿਆਨ-ਅਨੁਸ਼ਾਸਨ ਦੀ ਸੰਕਲਪਨਾ ਵੀ ਪੇਸ਼ ਕੀਤੀ ਜੋ ਹਰ ਕਿਸਮ ਦੇ ਚਿਹਨਕੀ ਵਿਹਾਰ ਦਾ ਵਿਗਿਆਨਕ ਅਧਿਐਨ ਕਰਨ ਦੇ ਸਮਰੱਥ ਹੋਵੇਗਾ। ਅਜੋਕੇ ਸਮੇਂ ਚਿਹਨਵਿਗਿਆਨ ਦੀ ਇਹ ਸੰਭਾਵਨਾ ਨਿਰੀ ਸਾਕਾਰ ਹੀ ਨਹੀਂ ਹੋਈ ਸਗੋਂ ਭਰਵੇਂ ਰੂਪ ਵਿਚ ਵਿਕਸਿਤ ਹੋਕੇ ਸਾਮ੍ਹਣੇ ਆਈ ਹੈ। ਇਸ ਨਵੇਂ ਗਿਆਨ-ਅਨੁਸ਼ਾਸਨ ਨੇ ਸਮੁੱਚੇ ਮਨੁੱਖੀ ਵਰਤਾਰੇ ਅਤੇ ਵਿਹਾਰ ਨੂੰ ਭਾਸ਼ਾਈ ਵਿਹਾਰ ਦੇ ਮਾਡਲ ਉੱਤੇ - ਅਰਥਾਤ ਸੰਦੇਸ਼ ਅਤੇ ਸੰਚਾਰ ਦੀ ਪ੍ਰਕਿਰਿਆ ਵਜੋਂ - ਵਾਚਣ ਦੀ ਚੇਤਨਾ ਜਗਾਈ ਹੈ। ਮਹੱਤਵਪੂਰਣ ਗੱਲ ਇਹ ਸੀ ਕਿ ਇਸ ਚਿੰਤਨ-ਵਿਧੀ ਨੇ ਆਪਣੀ ਅਧਿਐਨ-ਵਸਤੂ ਦਾ ਵਸਤੂ-ਮੂਲਕ ਅਤੇ ਵਿਗਿਆਨਕ ਅਧਿਐਨ ਕਰਨ ਦੀ ਧਾਰਣਾ ਸਥਾਪਿਤ ਕੀਤੀ ਜੋ ਪੱਛਮ ਦੇ ਆਕਾਦਮਿਕ ਹਲਕਿਆਂ ਵਿਚ ਬਹੁਤ ਮਕਬੂਲ ਹੋਈ। ਇਸ ਤਰ੍ਹਾਂ ਵਿਸ਼ਵ-ਚਿੰਤਨ ਵਿਚ ਸੰਰਚਨਾਵਾਦ ਦਾ ਉਦੈ ਹੋਇਆ।

ਪਰ ਕੁਝ ਦਹਾਕਿਆਂ ਬਾਦ ਜਦੋਂ ਸੰਰਚਨਾਵਾਦ ਦਾ ਮੁੱਢਲਾ ਜੋਸ਼ ਰਤਾ ਮੱਠਾ ਪਿਆ ਤਾਂ ਛੇਤੀ ਹੀ ਇਸਦੇ ਆਲੋਚਨਾਤਮਕ ਮੁੱਲਾਂਕਣ ਦੀ ਪ੍ਰਕਿਰਿਆ ਵੀ ਆਰੰਭ ਹੋ ਗਈ। ਸੰਰਚਨਾਵਾਦੀ ਲਹਿਰ ਨਾਲ ਜੁੜੇ ਕੁਝ ਚਿੰਤਕਾਂ ਨੂੰ ਇਸ ਅਧਿਐਨ-ਵਿਧੀ ਵਿਚਲੀਆਂ ਗੰਭੀਰ ਖਾਮੀਆਂ ਅਤੇ ਖੱਪਿਆਂ ਦਾ ਅਹਿਸਾਸ ਹੋਣਾ ਸ਼ੁਰੂ ਹੋ ਗਿਆ ਅਤੇ ਇਸ ਬਾਰੇ ਬਣੀਆਂ ਅਨੇਕਾਂ ਭ੍ਰਾਂਤੀਮੂਲਕ ਧਾਰਣਾਵਾਂ ਖੰਡਿਤ ਹੋਣ ਲੱਗੀਆਂ। ਅਸਲ ਵਿਚ ਇਹ ਸੰਰਚਨਾਵਾਦ ਦੀ ਸੀਮਾ ਅਤੇ ਸੰਭਾਵਨਾ ਨੂੰ ਪਛਾਨਣ ਦਾ ਸਮਾ ਸੀ। ਇਥੋਂ ਹੀ ਉੱਤਰ-ਸੰਰਚਨਾਵਾਦ ਦਾ ਆਗ਼ਾਜ਼ ਹੁੰਦਾ ਹੈ। ਉੱਤਰ-ਸੰਰਚਨਾਵਾਦੀ ਚਿੰਤਕਾਂ ਨੇ ਸੋਸਿਊਰ ਦੇ ਭਾਸ਼ਾਵਿਗਿਆਨਕ ਚਿੰਤਨ ਦੀਆਂ ਉਨ੍ਹਾਂ ਅੰਤਰ-ਦ੍ਰਿਸ਼ਟੀਆਂ ਨੂੰ ਉਜਾਗਰ ਕਰਨ ਦਾ ਉਪਰਾਲਾ ਕੀਤਾ ਜੋ ਸਹੀ ਅਰਥਾਂ ਵਿਚ ਕ੍ਰਾਂਤੀਕਾਰੀ ਸਨ। ਇਸ ਸੰਦਰਭ ਵਿਚ ਅਸੀਂ ਮੁੱਖ ਤੌਰ ਤੇ ਰੋਲਾਂ ਬਾਰਤ, ਦੇਰੀਦਾ, ਫੂਕੋ ਅਤੇ ਲਾਕਾਂ ਵਰਗੇ ਚਿੰਤਕਾਂ ਦਾ ਜ਼ਿਕਰ ਕਰ ਸਕਦੇ ਹਾਂ ਜਿਨ੍ਹਾਂ ਦੀਆਂ ਲਿਖਤਾਂ ਦੇ ਮਾਧਿਅਮ ਰਾਹੀਂ ਉੱਤਰ-ਸੰਰਚਨਾਵਾਦ ਦਾ ਸਿੱਧਾਂਤਕ ਆਧਾਰ ਮੂਰਤੀਮਾਨ ਹੁੰਦਾ ਹੈ। ਪਰ ਕੁਝ ਵਿਦਵਾਨਾਂ ਨੇ ਇਸਦਾ ਮੁੱਖ ਕਾਰਣ ਮਾਰਕਸਵਾਦ ਨਾਲ ਇਸਦੇ ਟਕਰਾਉ ਨੂੰ ਵੀ ਮੰਨਿਆਂ ਹੈ। ਵਾਸਤਵ ਵਿਚ ਸੰਰਚਨਾਵਾਦ ਦਾ ਤਿੱਖਾ ਵਿਰੋਧ ਪਹਿਲੋਂ ਪਹਿਲ ਮਾਰਕਸਵਾਦੀਆਂ ਵਲੋਂ ਹੀ ਹੋਇਆ ਸੀ, ਜਿਨ੍ਹਾਂ ਨੇ ਇਸ ਅਧਿਐਨ-ਵਿਧੀ ਦੇ ਰੂਪਵਾਦੀ ਝੁਕਾਉ ਅਤੇ ਇਸਦੇ ਇਤਿਹਾਸ-ਵਿਰੋਧੀ ਚਰਿਤਰ ਨੂੰ ਨਿਸ਼ਾਨਾ ਬਣਾਇਆ। ਇਓਂ, ਰੂਪ ਤੇ ਵਸਤੂ, ਸੰਰਚਨਾ ਅਤੇ ਇਤਿਹਾਸ ਦੇ ਮੁੱਦਿਆਂ ਨੂੰ ਲੈਕੇ ਇਹ ਦੋਵੇਂ ਚਿੰਤਨ-ਵਿਧੀਆਂ ਧਰੁਵੀ ਵਿਰੋਧ ਕਾਰਣ, ਇਕ ਦੂਸਰੇ ਦੇ ਆਹਮੋਂ ਸਾਹਮਣੇ ਖਲੋ ਗਈਆਂ। ਪਰ ਮੁੱਢਲੇ ਟਕਰਾਉ ਤੋਂ ਬਾਦ ਜਦੋਂ ਸੁਭਾਵਕ ਹੀ ਇਨ੍ਹਾਂ ਚਿੰਤਨ-ਵਿਧੀਆਂ ਵਿਚਕਾਰ ਪਰਸਪਰ ਸੰਵਾਦ ਸਥਾਪਿਤ ਹੋਇਆ ਤਾਂ ਉੱਤਰ-ਸੰਰਚਨਾਵਾਦ ਅਤੇ ਨਵ-ਮਾਰਕਸਵਾਦ (ਜਾਂ ਉੱਤਰ-ਮਾਰਕਸਵਾਦ) ਦਾ ਜਨਮ ਹੋਇਆ। ਇਹ ਗੱਲ ਕਾਫ਼ੀ ਹੱਦ ਤਕ ਠੀਕ ਵੀ ਜਾਪਦੀ ਹੈ ਕਿਉਂਜੋ ਜਿਨ੍ਹਾਂ ਸੰਰਚਨਾਵਾਦੀ ਚਿੰਤਕਾਂ ਨੇ ਇਸ ਵਿਧੀ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਨੂੰ ਪਛਾਣ ਕੇ ਇਸਦੀ ਸੋਧ-ਸੁਧਾਈ ਕਰਨ ਦਾ ਜਤਨ ਕੀਤਾ ਉਹ ਪ੍ਰਤੱਖ ਜਾਂ ਪਰੋਖ ਰੂਪ ਵਿਚ ਮਾਰਕਸਵਾਦ ਤੋਂ ਪ੍ਰਭਾਵਿਤ ਰਹੇ ਸਨ।

ਭਾਵੇਂ ਉੱਤਰ-ਸੰਰਚਨਾਵਾਦ ਦਾ ਉਦੈ ਮੂਲ ਰੂਪ ਵਿਚ ਸੰਰਚਨਾਵਦੀ ਚਿੰਤਨ ਵਿਚੋਂ ਹੋਇਆ ਹੈ ਜਿਸ ਲਈ ਇਸਨੂੰ ਹੱਕੀ ਤੌਰ ਤੇ ਸੰਰਚਨਾਵਾਦ ਦੀ ਉੱਤਰ ਸਥਿਤੀ ਵਜੋਂ ਮਾਨਤਾ ਵੀ ਪ੍ਰਾਪਤ ਹੋਈ ਹੈ ਪਰ ਆਪਣੇ ਵਿਕਾਸ ਦੀ ਵਰਤਮਾਨ ਸਥਿਤੀ ਤੇ ਅੱਪੜ ਕੇ ਇਹ ਇਕ ਅਜਿਹੀ ਮੌਲਿਕ ਚਿੰਤਨ-ਵਿਧੀ ਦਾ ਰੂਪ ਧਾਰਨ ਕਰ ਚੁੱਕਾ ਹੈ ਜੋ ਸਿੱਧਾਂਤਕ ਅਤੇ ਵਿਹਾਰਕ ਦ੍ਰਿਸ਼ਟੀ ਤੋਂ ਆਪਣੀ ਪੂਰਬ ਸਥਿਤੀ ਨਾਲੋਂ ਕਾਫੀ ਹੱਦ ਤਕ ਭਿੰਨ ਤੇ ਵਿਲੱਖਣ ਹੈ। ਅਸਲ ਵਿਚ ਸੋਸਿਊਰ ਦੇ ਭਾਸ਼ਾ-ਦਰਸ਼ਨ ਨੇ ਸੰਰਚਨਾਤਮਕ ਚਿੰਤਨ ਦੇ ਹਵਾਲੇ ਨਾਲ ਗਿਆਨ-ਖੇਤਰ ਵਿਚ ਜਿਸ ਕ੍ਰਾਂਤੀ ਦੀ ਸ਼ੁਰੂਆਤ ਕੀਤੀ ਸੀ ਉਸਨੂੰ ਉਸਦੇ ਤਾਰਕਿਕ ਅੰਜਾਮ ਤਕ ਪਹੁੰਚਾਣ ਦਾ ਕਾਰਜ ਉੱਤਰ-ਸੰਰਚਨਾਵਾਦ ਨੇ ਹੀ ਕੀਤਾ। ਇਸ ਚਿੰਤਨ-ਵਿਧੀ ਨੇ **ਮਾਨਵ-ਵਿਅਕਤੀ**, **ਸਾਮਾਜਿਕ ਵਰਤਾਰੇ** ਅਤੇ **ਸੱਭਿਆਚਾਰਕ ਵਿਹਾਰ** ਦਾ ਅਧਿਐਨ ਤੇ ਵਿਸ਼ਲੇਸ਼ਣ ਕਰਨ ਲਈ ਕੁਝ ਅਜਿਹੇ ਨਵੇਂ ਮੁੱਦੇ ਉਭਾਰੇ ਜੋ ਕਲਾਸੀਕਲ ਸੰਰਚਨਾਵਾਦ ਨਾਲੋ ਬਿਲਕੁਲ ਵੱਖਰੇ ਸਨ। ਇਹ ਨਵੇਂ ਮੁੱਦੇ ਭਾਸ਼ਾ, ਗਿਆਨ, ਸੱਚ ਅਤੇ ਯਥਾਰਥ ਬਾਰੇ ਨਵੀਂ ਸੂਝ ਅਤੇ ਸਮਝ ਉਸਾਰਨ ਵਲ ਰੁਚਿਤ ਸਨ। ਇਸ ਚਿੰਤਨ-ਵਿਧੀ ਦੀ ਮੌਲਿਕ ਵਿਲੱਖਣਤਾ ਨੂੰ ਨਿਰਧਾਰਿਤ ਕਰਨ ਲਈ ਇਨ੍ਹਾਂ ਮੁੱਧਿਆਂ ਨੂੰ ਸਪਸ਼ਟ ਕਰਨਾ ਪਵੇਗਾ।

ਸੱਭ ਤੋਂ ਪਹਿਲਾਂ ਅਸੀਂ ਭਾਸ਼ਾ ਦੇ ਮੁੱਦੇ ਨੂੰ ਲੈਂਦੇ ਹਾਂ ਕਿਉਂ ਜੋ ਇਹ ਸੰਰਚਨਾਵਾਦੀ ਤੇ ਉੱਤਰ-ਸੰਰਚਨਾਵਾਦੀ ਚਿੰਤਨ, ਦੋਹਾਂ ਲਈ ਕੇਂਦਰੀ ਮਹੱਤਵ ਰੱਖਦਾ ਹੈ। ਇਸ ਵਿਧੀ ਦੀ ਮੂਲ ਧਾਰਣਾ ਇਹ ਹੈ ਕਿ ਭਾਸ਼ਾ ਹੀ ਅਰਥਾਂ ਦੇ ਸਿਰਜਣ ਅਤੇ ਸੰਚਾਰਣ ਦਾ ਮਾਧਿਅਮ ਹੈ। ਪਰ ਭਾਸ਼ਾ ਜੀਵਨ ਅਤੇ ਜਗਤ ਦਾ ਪ੍ਰਤਿਬਿੰਬ ਪੇਸ਼ ਕਰਨ ਵਾਲਾ ਜਾਂ ਕੋਈ ਪਾਰਦਰਸ਼ੀ ਮਾਧਿਅਮ ਨਹੀਂ ਸਗੋਂ ਮਨੁੱਖ ਦੇ ਸਾਮਾਜਿਕ ਜੀਵਨ ਵਿਚ ਪ੍ਰਚੱਲਤ ਚਿਹਨਾਂ ਦਾ ਅਜਿਹਾ ਅਮੂਰਤ ਸੰਗਠਨ ਹੈ ਜੋ ਭਿੰਨਤਾਵਾਂ ਦੇ ਨੈਟਵਰਕ (differential network) ਰਾਹੀਂ ਅਰਥਾਂ ਦੀ ਉਸਾਰੀ ਨੂੰ ਸੰਭਵ ਬਣਾਉਂਦਾ ਹੈ। ਦੂਸਰੇ ਸ਼ਬਦਾਂ ਵਿਚ ਇਹ ਕਿਸੇ ਘੜੇ-ਘੜਾਏ ਜਾਂ ਪੂਰਬ-ਨਿਸ਼ਚਿਤ ਯਥਾਰਥ ਨੂੰ ਪ੍ਰਸਤੁਤ ਨਹੀਂ ਕਰਦਾ ਸਗੋਂ ਅਰਥਾਂ ਦੀ ਉਸਾਰੀ ਰਾਹੀਂ ਯਥਾਰਥ ਦੀ ਸਿਰਜਣਾ ਕਰਦਾ ਹੈ। ਭਾਸ਼ਾ ਰਾਹੀਂ ਯਥਾਰਥ ਦੇ ਸਿਰਜੇ ਜਾਣ ਦਾ ਇਹ ਵਿਚਾਰ ਕ੍ਰਾਂਤੀਕਾਰੀ ਹੈਸੀਅਤ ਰੱਖਦਾ ਹੈ। ਇਹ ਯਥਾਰਥ ਬਾਰੇ ਆਮ ਸੂਝ ਅਤੇ ਪਰੰਪਰਕ ਸੋਚ ਨੂੰ ਵੰਗਾਰਦਾ ਹੈ ਅਤੇ ਭਾਸ਼ਾ ਦੀ ਸਿਰਜਣਸ਼ੀਲਤਾ ਦੇ ਨਾਲ ਨਾਲ ਯਥਾਰਥ ਦੀ ਸਿਰਜਿਤ ਹੋਂਦ ਦਾ ਬੋਧ ਵੀ ਜਗਾਉਂਦਾ ਹੈ। ਪਰ ਇਸਦਾ ਅਰਥ ਇਹ ਵੀ ਨਹੀਂ ਕਿ ਇਹ ਭਾਸ਼ਾ ਤੋਂ ਬਾਹਰ ਜਾਂ ਉਸਤੋਂ ਸੁਤੰਤਰ, ਵਸਤੂ-ਜਗਤ ਦੀ ਠੋਸ ਹਕੀਕਤ ਤੋਂ ਹੀ ਮੁਨਕਰ ਹੈ। ਸਗੋਂ ਇਹ ਤਾਂ ਸਿਰਫ਼ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ **ਵਸਤੂ-ਜਗਤ** ਭਾਸ਼ਾ ਦੀ ਵਿਚੋਲਗੀ ਰਾਹੀਂ ਅਤੇ ਗਿਆਨ ਦੇ ਸੰਗਠਨ ਵਿਚ ਢਲ ਕੇ ਹੀ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ ਅਤੇ ਯਥਾਰਥ ਦਾ ਰੂਪ ਧਾਰਦਾ ਹੈ। ਅਰਥਾਤ ਮਾਨਵ-ਵਿਅਕਤੀ ਵਸਤੂ-ਜਗਤ ਨਾਲ ਨਹੀਂ ਸਗੋਂ ਉਸਦੇ ਭਾਸ਼ਾ ਰਾਹੀਂ ਸਿਰਜੇ ਗਏ ਰੂਪ (ਯਥਾਰਥ) ਨਾਲ ਹੀ ਗਿਆਨ ਦਾ ਰਿਸ਼ਤਾ ਗੰਢਦਾ ਹੈ। ਵਸਤੂਜਗਤ ਅਤੇ ਯਥਾਰਥ ਦਾ ਇਹ ਨਿਖੇੜਾ ਅਸਲੋਂ ਨਵੀਂ ਗੱਲ ਹੈ। ਗਿਆਨਸ਼ਾਸਤਰ ਦੇ ਦ੍ਰਿਸ਼ਟੀਕੋਣ ਤੋਂ ਇਸ ਸਿੱਧਾਂਤੀਕਰਣ ਵਿਚ ਕ੍ਰਾਂਤੀਕਾਰੀ ਸੰਭਾਵਨਾਵਾਂ ਮੌਜੂਦ ਹਨ।

ਉੱਤਰ-ਸੰਰਚਨਾਵਾਦ ਨੇ ਦੂਸਰਾ ਮਹੱਤਵਪੂਰਣ ਮੁੱਦਾ ਮਾਨਵ-ਵਿਅਕਤੀ ਦੇ ਸੰਦਰਭ ਵਿਚ ਉਠਾਇਆ ਹੈ। ਇਸਨੇ ਆਤਮ-ਨਿਰਭਰ ਜਾਂ ਸੁਤੰਤਰ ਮਾਨਵ-ਵਿਅਕਤੀ ਦੇ ਸੰਕਲਪ ਨੂੰ ਬੇਦਖ਼ਲ ਕਰਕੇ ਮਨੁੱਖ ਨੂੰ ਇਕ ਕਰਤਾ (subject) ਦੇ ਰੂਪ ਵਿਚ ਪਰਿਭਾਸ਼ਿਤ ਕਰਨ ਦਾ ਉਪਰਾਲਾ ਕੀਤਾ ਹੈ। ਇਸਦਾ ਅਰਥ ਇਹ ਹੈ ਕਿ ਸਮਾਜ-

ਸੱਭਿਆਚਾਰ ਦੇ ਸੰਦਰਭ ਵਿਚ ਮਨੁੱਖ ਆਪਣੀ ਸਵੈ-ਪਛਾਣ ਭਾਸ਼ਾ / ਪ੍ਰਵਚਨ ਦੇ ਮਾਧਿਅਮ ਰਾਹੀਂ ਹੀ ਸਥਾਪਿਤ ਕਰਦਾ ਹੈ। ਇਸਤਰ੍ਹਾਂ ਅੰਤਿਮ ਅਰਥਾਂ ਵਿਚ ਮਨੁੱਖ ਦਾ ਆਪਾ (ਜਾਂ ਉਸਦੀ ਮੈਂ) ਕੋਈ ਘੜੀ-ਘੜਾਈ, ਪੂਰਬ-ਸਿਰਜਿਤ, ਚਿਰਸਥਾਈ ਜਾਂ ਸਦੀਵੀ ਹੋਂਦ ਨਹੀਂ ਸਗੋਂ ਸਾਮਾਜਿਕ ਸਿਰਜਣਾ ਹੈ। ਇਸਦੀ ਤੁਲਨਾ ਅਸੀਂ ਭਾਸ਼ਾਈ ਪ੍ਰਵਚਨ ਦੇ ਕਰਤਾ (subject of discourse) ਨਾਲ ਕਰ ਸਕਦੇ ਹਾਂ ਜਿੱਥੇ ਕਰਤਾ ਇਕ ਸਥਿਤੀ (position) ਅਨੁਸਾਰ ਹੀ ਆਪਣਾ ਸਰੂਪ ਗ੍ਰਹਿਣ ਕਰਦਾ ਹੈ। ਦੂਸਰੇ ਸ਼ਬਦਾਂ ਵਿਚ ਕਰਤਾ ਦੇ ਸਰੂਪ ਦਾ ਨਿਰਣਾ ਉਸਦੀ ਪ੍ਰਵਚਨ ਵਿਚਲੀ ਸਥਿਤੀ ਦੇ ਹੱਥ ਵਿਚ ਹੁੰਦਾ ਹੈ। ਇਸੇ ਤਰ੍ਹਾਂ ਹੀ ਮਨੁੱਖ-ਵਿਅਕਤੀ ਵੀ ਸਾਮਾਜਿਕ ਸੰਗਠਨ ਵਿਚ ਭਿੰਨ-ਭਿੰਨ ਰਿਸ਼ਤਿਆਂ ਦੇ ਨੈੱਟਵਰਕ ਵਿਚ ਬੱਝਿਆ ਹੋਇਆ ਵਿਭਿੰਨ ਰੋਲ ਨਿਭਾਉਂਦਾ ਜਾਂ ਜਿਉਂਦਾ ਹੈ। ਇਹੀ ਅਸਲ ਵਿਚ ਉਸਦੀ ਸਵੈ-ਛਾਣ ਦਾ ਯਥਾਰਥਕ ਖੇਤਰ ਹੈ। ਇਸ ਤਰ੍ਹਾਂ ਉੱਤਰ-ਸੰਰਚਨਾਵਾਦੀ ਚਿੰਤਨ ਨੇ ਮਨੁੱਖ ਵਿਅਕਤੀ ਨੂੰ ਵਿਚਾਰਧਾਰਾਈ ਜਾਂ ਪ੍ਰਵਚਨਗਤ ਸਿਰਜਣਾ ਆਖ ਕੇ ਵਿਕੇਂਦ੍ਰਿਤ ਕਰ ਦਿੱਤਾ। ਪਰੰਪਰਕ ਗਿਆਨਸ਼ਾਸਤਰ ਦੇ ਸੰਦਰਭ ਵਿਚ ਇਹ ਧਾਰਣਾ ਵੀ ਕੋਈ ਘੱਟ ਕ੍ਰਾਂਤੀਕਾਰੀ ਨਹੀਂ।

ਉੱਤਰ-ਸੰਰਚਨਾਵਾਦੀ ਚਿੰਤਕਾਂ ਦੀ ਤੀਸਰੀ ਮਹੱਤਵਪੂਰਣ ਧਾਰਣਾ ਇਤਿਹਾਸ, ਗਿਆਨ ਅਤੇ ਸੱਚ ਦੇ ਸੰਕਲਪਾਂ ਨਾਲ ਸੰਬੰਧ ਰੱਖਦੀ ਹੈ। ਇਨ੍ਹਾਂ ਚਿੰਤਕਾਂ ਨੇ ਦੋਹਾਂ ਸੰਕਲਪਾਂ ਦੇ ਸੰਦਰਭ ਵਿਚ ਵੀ ਗ਼ੈਰ-ਪਰੰਪਰਕ ਧਾਰਣਾਵਾਂ ਪੇਸ਼ ਕੀਤੀਆਂ ਹਨ ਜਿਨ੍ਹਾਂ ਦਾ ਸਿੱਧਾਂਤਕ ਅਤੇ ਵਿਹਾਰਕ ਮਹੱਤਵ ਸਹਿਜੇ ਹੀ ਸਵੀਕਾਰ ਕੀਤਾ ਜਾ ਸਕਦਾ ਹੈ। ਇਨ੍ਹਾਂ ਨੇ ਕਿਸੇ ਤਰ੍ਹਾਂ ਦੇ ਪਾਰਗਾਮੀ, ਨਿਰਪੇਖ ਜਾਂ ਪਰਮ-ਗਿਆਨ / ਸੱਚ ਦੀ ਹੋਂਦ ਜਾਂ ਸੰਭਾਵਨਾ ਤੋਂ ਇਨਕਾਰ ਕਰਦਿਆਂ ਸਮਾਜ-ਸਾਪੇਖ ਗਿਆਨ ਅਤੇ ਇਤਿਹਾਸ ਆਧਾਰਿਤ ਸੱਚ ਦਾ ਸੰਕਲਪ ਸਥਾਪਿਤ ਕੀਤਾ ਹੈ। ਸੁਪ੍ਰਸਿੱਧ ਮਨੋਵਿਗਿਆਨੀ ਲਾਕਾਂ (Lacan) ਅਨੁਸਾਰ, ਕਿਸੇ ਵੀ ਸਾਮਾਜਿਕ ਸੰਗਠਨ ਵਿਚ ਪ੍ਰਚੱਲਤ ਗਿਆਨ-ਪ੍ਰਬੰਧ ਸੱਤਾ ਜਾਂ ਸਥਾਪਿਤ ਵਿਵਸਥਾ ਦੇ ਅਧਿਕਾਰ ਹੇਠਾਂ ਹੁੰਦੇ ਹਨ। ਅਸਲ ਵਿਚ ਸੱਤਾ ਅਤੇ ਗਿਆਨ ਦਾ ਇਹ ਗੱਠਜੋੜ ਪ੍ਰਚੱਲਤ ਵਿਵਸਥਾ ਦੇ ਸੱਚ ਨੂੰ ਪਰਿਭਾਸ਼ਿਤ ਜਾਂ ਨਿਰਧਾਰਿਤ ਕਰਦਾ ਹੈ। ਉਸਦੇ ਮਤ ਅਨੁਸਾਰ ਹਰ ਸਮਾਜਿਕ-ਸਭਿਆਚਾਰਕ ਬਣਤਰ ਵਿਚ ਪ੍ਰਵਚਨ-ਨਿਰਮਾਨ ਦੀ ਪ੍ਰਕਿਰਿਆ ਉੱਤੇ ਸਥਾਪਿਤ ਵਿਵਸਥਾ ਦਾ ਨਿਯੰਤਰਣ ਹੁੰਦਾ ਹੈ। ਉਸਨੇ ਦੇਹ (body) ਅਤੇ ਕਾਮਨਾ (desire) ਦੇ ਦਮਨ ਦਾ ਇਤਿਹਾਸਕ ਪਰਿਪੇਖ ਉਸਾਰ ਕੇ ਇਸੇ ਤੱਥ ਵਲ ਸੰਕੇਤ ਕੀਤਾ ਹੈ। ਪਰ ਹਰ ਮਾਨਵ-ਸਮੂਹ ਜਾਂ ਵਰਗ ਦਾ ਆਪਣਾ ਸਾਪੇਖ ਸੱਚ ਹੁੰਦਾ ਹੈ ਜੋ ਵਿਭਿੰਨ ਪ੍ਰਵਚਗਤ ਬਣਤਰਾਂ ਦੇ ਹਵਾਲੇ ਨਾਲ ਉਸਦੇ ਹੋਂਦ-ਮੁੱਖੀ ਸਰੋਕਾਰਾਂ ਨੂੰ ਮੂਰਤੀਮਾਨ ਕਰਦਾ ਹੈ। ਕਿਧਰੇ ਹਾਵੀ ਪ੍ਰਵਚਨ ਦੇ ਰੂਪ ਵਿਚ ਅਤੇ ਕਿਧਰੇ ਦਮਿਤ ਪ੍ਰਵਚਨ ਦੇ ਰੂਪ ਵਿਚ। ਕਿਧਰੇ ਹੁਕਮੀ ਬੋਲਾਂ ਦੇ ਰੂਪ ਵਿਚ ਅਤੇ ਕਿਧਰੇ ਵਿਦਰੋਹੀ ਖ਼ਾਮੋਸ਼ੀ ਦੇ ਰੂਪ ਵਿਚ।

ਲਾਕਾਂ ਦੇ ਚਿੰਤਨ ਵਿਚ ਉਸ ਨਵ-ਇਤਿਹਾਸਵਾਦ (new historicism) ਦੇ ਬੀਜ ਛੁਪੇ ਹੋਏ ਹਨ। ਉਹ ਇਤਿਹਾਸ ਦੀ ਪਾਠਮੂਲਕਤਾ (textuality) ਦਾ ਨਵਾਂ ਸੰਕਲਪ ਸਾਮ੍ਹਣੇ ਲਿਆਉਂਦਾ ਹੈ। ਨਵ-ਇਤਿਹਾਸਵਾਦ ਦੀ ਮੂਲ ਧਾਰਣਾ ਇਹ ਹੈ ਇਤਿਹਾਸ ਬਾਹਰਮੁਖੀ ਘਟਨਾਵਾਂ ਜਾਂ ਪੂਰਬ-ਨਿਰਧਾਰਤ ਤੱਥਾਂ ਦਾ ਵਸਤੂਮੂਲਕ ਵੇਰਵਾ ਨਹੀਂ ਸਗੋਂ ਸਿਰਜਿਤ ਪ੍ਰਵਚਨ ਹੈ। ਦੂਸਰੇ ਸ਼ਬਦਾਂ ਵਿਚ ਇਤਿਹਾਸ ਦੇ ਤੱਥ ਸਾਨੂੰ ਨਿਰਪੇਖ ਰੂਪ ਵਿਚ ਪ੍ਰਾਪਤ ਨਹੀਂ ਹੁੰਦੇ ਸਗੋਂ ਵਿਭਿੰਨ ਪਾਠਾਂ ਵਿਚ ਦੱਬੀਆਂ ਹੋਈਆਂ ਸੰਰਚਨਾਵਾਂ ਦੇ ਰੂਪ ਵਿਚ ਮਿਲਦੇ ਹਨ। ਹਰ ਸਿਰਜਿਤ ਪਾਠ ਚੇਤ-ਅਚੇਤੀ

ਆਪਣੇ ਵੇਲੇ ਦੇ ਹੋਂਦ-ਮੁੱਖੀ ਸਰੋਕਾਰਾਂ ਅਤੇ ਇਤਿਹਾਸਕ ਚੁਣੌਤੀਆਂ ਨੂੰ ਸੰਬੋਧਿਤ ਹੁੰਦਾ ਹੈ ਅਤੇ ਉਨ੍ਹਾਂ ਨੂੰ ਪ੍ਰਵਚਨਗਤ ਬਣਤਰਾਂ ਦੇ ਰੂਪ ਵਿਚ ਮੂਰਤੀਮਾਨ ਕਰਨ ਦੇ ਵਲ ਰੁਚਿਤ ਹੁੰਦਾ ਹੈ। ਹਰ ਦੌਰ ਦਾ ਇਤਿਹਾਸਕਾਰ ਆਪਣੇ ਸਮਕਾਲੀ ਸਰਕਾਰਾਂ ਦੀ ਰੌਸ਼ਨੀ ਵਿਚ ਇਨ੍ਹਾਂ ਪ੍ਰਵਚਗਤ ਬਣਤਰਾਂ ਨੂੰ ਵਾਚਦਾ ਹੈ ਅਤੇ ਇਨ੍ਹਾਂ ਦੇ ਅੰਤਰੀਵ ਵਿਚ ਲੁਕੀ ਹੋਈ ਇਤਿਹਾਸਕਤਾ ਦਾ ਪੁਨਰ-ਪਾਠ ਤਿਆਰ ਕਰਦਾ ਹੈ। ਵਿਰਸੇ ਨੂੰ ਵਰਤਮਾਨ ਵਿਚ ਸਾਰਥਕ ਤੇ ਪ੍ਰਾਸੰਗਿਕ ਬਣਾਉਣ ਦੀ ਇਹ ਪ੍ਰਕਿਰਿਆ ਨਿਰੰਤਰ ਜਾਰੀ ਰਹਿੰਦੀ ਹੈ।

ਇਸ ਤਰ੍ਹਾਂ ਉੱਤਰ-ਸੰਰਚਨਾਵਾਦੀ ਚਿੰਤਨਧਾਰਾ ਮਾਨਵ-ਵਿਅਕਤੀ, ਸਾਮਾਜਿਕ ਯਥਾਰਥ, ਇਤਿਹਾਸ, ਗਿਆਨ ਅਤੇ ਸੱਚ ਬਾਰੇ ਕ੍ਰਾਂਤੀਕਾਰੀ ਧਾਰਣਾਵਾਂ ਪੇਸ਼ ਕਰਦੀ ਹੈ। ਇਹ ਧਾਰਣਾਵਾਂ ਨਵੇਂ ਗਿਆਨਸ਼ਾਸਤਰ ਦੀ ਉਸਾਰੀ ਰਾਹੀਂ ਮਨੁੱਖ ਦੇ ਹੋਂਦ-ਮੁੱਖੀ ਸਰੋਕਾਰਾਂ ਅਤੇ ਉਸਦੇ ਯਥਾਰਥ-ਬੋਧ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਸਮਾਜ-ਸੱਭਿਆਚਾਰ ਦੇ ਅਧਿਐਨ-ਵਿਸ਼ਲੇਸ਼ਣ ਲਈ ਚਿੰਤਨ ਦੇ ਨਵੇਂ ਆਯਾਮ ਸਿਰਜਦੀਆਂ ਹਨ।

ਉੱਤਰ-ਸੰਰਚਨਾਵਾਦੀ ਚਿੰਤਨ-ਵਿਧੀ ਨੇ ਸਾਹਿੱਤ-ਅਧਿਐਨ ਅਤੇ ਸਮੀਖਿਆ ਦੇ ਖੇਤਰ ਵਿਚ ਵੀ ਕਈ ਮਹੱਤਵਪੂਰਣ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕੀਤੀਆਂ ਹਨ ਜਿਨ੍ਹਾਂ ਦਾ ਲੇਖਾ-ਜੋਖਾ ਕਰਨਾ ਬਣਦਾ ਹੈ। ਅਧਿਐਨ ਦੀ ਸੌਖ ਲਈ ਅਸੀਂ ਇਨ੍ਹਾਂ ਅੰਤਰ-ਦ੍ਰਿਸ਼ਟੀਆਂ ਨੂੰ ਕਲਾਸੀਕਲ ਸੰਰਚਨਾਵਾਦ ਦੀ ਤੁਲਨਾ ਵਿਚ ਰੱਖ ਕੇ ਵਾਚ ਸਕਦੇ ਹਾਂ। ਮੁੱਢਲੀ ਗੱਲ ਕਾਵਿਸ਼ਾਸਤਰ ਦੇ ਸੰਦਰਭ ਵਿਚ ਕੀਤੀ ਜਾ ਸਕਦੀ ਹੈ। ਕਲਾਸੀਕਲ ਸੰਰਚਨਾਵਾਦ ਦੀ ਵਡਮੁੱਲੀ ਪ੍ਰਾਪਤੀ ਕਾਵਿਸ਼ਾਸਤਰ ਦਾ ਨਵਾਂ ਸੰਕਲਪ ਸਥਾਪਿਤ ਕਰਨਾ ਹੈ। ਇਸ ਨਾਲ ਸੰਬੰਧਿਤ ਚਿੰਤਕਾਂ ਨੇ ਸੰਰਚਨਾਤਮਕ ਭਾਸ਼ਾਵਿਗਿਆਨ ਦੇ (ਵਿਆਕਰਣਿਕ) ਮਾਡਲ ਉੱਤੇ ਸਾਹਿੱਤਕ ਰਚਨਾਵਾਂ ਜਾਂ ਵਿਧਾਵਾਂ ਦੇ ਅਧਿਐਨ ਲਈ **ਸੰਰਚਨਾਤਮਕ ਕਾਵਿਸ਼ਾਸਤਰ** ਦਾ ਸੰਕਲਪ ਪੇਸ਼ ਕੀਤਾ ਜੋ ਰਚਨਾ ਦੀ ਡੂੰਘ- ਸੰਰਚਨਾ ਵਿਚ ਕਾਰਜਸ਼ੀਲ ਨੇਮ-ਪ੍ਰਬੰਧਾਂ ਦੀ ਤਲਾਸ਼ ਵਲ ਰੁਚਿਤ ਹੁੰਦਾ ਹੈ। ਉੱਤਰ-ਸੰਰਚਨਾਵਾਦੀਆਂ ਨੇ **ਸੰਰਚਨਾ** ਦੇ ਇਸ ਕਿਸਮ ਦੇ ਸੰਕਲਪ ਨੂੰ ਬੇਦਖ਼ਲ ਕਰ ਦਿੱਤਾ। ਅਸਲ ਵਿਚ ਸੰਰਚਨਾਵਾਦ ਦਾ ਵਿਗਿਆਨਕ ਪ੍ਰਾਜੈਕਟ ਤਾਂ ਹੀ ਪੂਰਾ ਹੁੰਦਾ ਹੈ ਜੇ ਇਹ ਆਪਣੇ ਵਿਸ਼ਲੇਸ਼ਣ ਨੂੰ ਨਿਰੋਲ 'ਸੰਰਚਨਾ' ਅਤੇ 'ਤਕਨੀਕ' ਤਕ ਸੀਮਿਤ ਰੱਖੇ ਅਤੇ ਉਸ ਵਿਚੋਂ ਵਿਚਾਰਧਾਰਾ, ਇਤਿਹਾਸ ਅਤੇ ਸਾਮਾਜਿਕ ਸੰਦਰਭ ਨੂੰ ਬੇਦਖ਼ਲ ਕਰ ਦੇਵੇ। ਪਰ ਇਸੇ ਵਿਚ ਹੀ ਇਸਦੀ ਸੀਮਾ ਤੇ ਸੰਭਾਵਨਾ ਦਾ ਰਹੱਸ ਛੁਪਿਆ ਹੈ।

1980 ਦੇ ਲਾਗੇ ਚਾਗੇ ਉੱਤਰ-ਸੰਰਚਨਾਵਾਦੀ ਅਤੇ ਉੱਤਰ-ਮਾਰਕਸਵਾਦੀ ਚਿੰਤਨ ਨੇ ਕਲਾਸੀਕਲ ਸੰਰਚਨਾਵਾਦ ਦੀਆਂ ਅਹਿਮ ਧਾਰਣਾਵਾਂ ਅਤੇ ਸਥਾਪਨਾਵਾਂ ਨੂੰ ਵੰਗਾਰਿਆ ਅਤੇ ਇਸਦੀ ਅਖੌਤੀ ਵਸਤੂਮੂਲਕ / ਵਿਗਿਆਨਕ ਪਹੁੰਚ ਉੱਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ। ਇਨ੍ਹਾਂ ਚਿੰਤਕਾਂ ਨੇ ਸੰਰਚਨਾ ਦੀ ਥਾਵੇਂ ਸੰਰਚਨਾਤਮਕ ਪ੍ਰਕਿਰਿਆ (structuration) ਦਾ ਨਵਾਂ ਸੰਕਲਪ ਪੇਸ਼ ਕੀਤਾ ਜੋ ਕਿਸੇ ਰਚਨਾ ਨੂੰ ਬੰਦ-ਪ੍ਰਬੰਧ ਦੀ ਬਜਾਏ ਖੁੱਲ੍ਹੀ ਪ੍ਰਕਿਰਿਆ ਮੰਨਣ ਉੱਤੇ ਬਲ ਦਿੰਦਾ ਹੈ। ਇਨ੍ਹਾਂ ਦੇ ਮਤ ਅਨੁਸਾਰ ਸੰਰਚਨਾ ਕਿਸੇ ਰਚਨਾ ਦਾ ਕੁਦਰਤੀ ਤੱਤ ਨਹੀਂ ਹੁੰਦੀ ਸਗੋਂ ਹਮੇਸ਼ਾ ਬਾਹਰੋਂ ਆਰੋਪਿਤ ਹੁੰਦੀ ਹੈ।[1] ਅਜਿਹੀ ਸਥਿਤੀ ਵਿਚ ਸੰਰਚਨਾਵਾਦ ਉੱਪਰ ਆਧਾਰਿਤ ਕਾਵਿ-ਸ਼ਾਸਤਰ ਦਾ ਪ੍ਰਭਾਵਿਤ

---

[1] "Poststructuralist narratology moved away from the assumed transparency of the narratological analysis towards a recognition that the reading, however objective and scientific, constructed its object. Structure

ਹੋਣਾ ਵੀ ਲਾਜ਼ਮੀ ਸੀ। ਇਨ੍ਹਾਂ ਚਿੰਤਕਾਂ ਨੇ ਸਾਹਿਤ ਦੇ ਅਧਿਐਨ ਲਈ ਤਕਨੀਕ ਅਤੇ ਵਿਚਾਰਧਾਰਾ, ਦੋਹਾਂ ਦਾ ਇਕੋ ਜਿੰਨਾ ਮਹੱਤਵ ਸਵੀਕਾਰ ਕੀਤਾ। ਉਨ੍ਹਾਂ ਦੇ ਮਤ ਅਨੁਸਾਰ ਸੰਰਚਨਾ ਮਸਨੂਈ ਤੌਰ ਤੇ ਸੰਕਲਪਿਆ ਹੋਇਆ ਇਕ ਬੰਦ ਪ੍ਰਬੰਧ ਹੈ ਜੋ ਯਥਾਰਥ ਦੀ ਵਾਸਤਵਿਕਤਾ ਨਾਲ ਮੇਲ ਨਹੀਂ ਖਾਂਦਾ। ਉਨ੍ਹਾਂ ਨੇ ਸਾਹਿੱਤਕ ਪਾਠ ਨੂੰ ਅਰਥਾਂ ਦਾ ਨਿਰਮਾਨ ਕਰਨ ਵਾਲੀ ਇਕ ਅਜਿਹੀ ਸਿਰਜਣਾ ਮੰਨਣ ਉੱਤੇ ਬਲ ਦਿੱਤਾ ਜਿਸਦੇ ਦੋਵੇਂ ਸਿਰੇ ਖੁਲ੍ਹੇ ਹੁੰਦੇ ਹਨ। ਸਾਹਿਤ ਦੀ ਸਿਰਜਣਾਤਮਕ ਪ੍ਰਕਿਰਤੀ ਦੇ ਸੰਦਰਭ ਵਿਚ ਇਹ ਧਾਰਣਾ ਅਤਿਅੰਤ ਮਹੱਤਵਪੂਰਣ ਮੰਨੀ ਜਾ ਸਕਦੀ ਹੈ। ਇਕ ਦਿਲਚਸਪ ਗੱਲ ਇਹ ਹੈ ਕਿ ਜੇ ਸਾਹਿੱਤ ਦੇ ਸੰਰਚਨਾਤਮਕ ਅਧਿਐਨ ਦੀ ਬਿਹਤਰੀਨ ਮਿਸਾਲ ਰੋਲਾਂ ਬਾਰਤ ਦੀਆਂ ਮੁੱਢਲੀਆਂ ਲਿਖਤਾਂ ਵਿਚ ਮਿਲਦੀ ਹੈ ਤਾਂ ਉਸਦੀ ਆਲੋਚਨਾ-ਪੁਸਤਕ '**S / Z**' ਅਤੇ ਉਸਤੋਂ ਬਾਦ ਦੀਆਂ ਲਿਖਤਾਂ ਵਿਚ ਉਹ ਸਹੀ ਅਰਥਾਂ ਵਿਚ ਉੱਤਰ-ਸੰਰਚਨਾਵਾਦੀ ਆਲੋਚਕ ਵਜੋਂ ਸਾਮ੍ਹਣੇ ਆਉਂਦਾ ਹੈ। ਰੋਲਾਂ ਬਾਰਤ ਨੇ ਕਿਰਤ (work) ਦੀ ਬਜਾਇ ਪਾਠ (text) ਦੇ ਸੰਕਲਪ ਨੂੰ ਸਥਾਪਿਤ ਕੀਤਾ ਜੋ ਪੂਰਬ-ਪਾਠ ਅਤੇ ਅੰਤਰ-ਪਾਠ ਵਿਚ ਘਿਰੀ ਹੋਈ ਅਰਥਾਂ ਦੀ ਬਹੁਵਚਨੀ ਖੁਲ੍ਹ ਦਾ ਅਹਿਸਾਸ ਜਗਾਉਂਦੀ ਹੈ। ਇਸ ਤਰ੍ਹਾਂ ਉਸਨੇ ਪਾਠਮੂਲਕ ਵਿਸ਼ਲੇਸ਼ਣ ਦੀ ਵਿਲੱਖਣ ਪੜ੍ਹਤ-ਵਿਧੀ ਵਿਕਸਿਤ ਕੀਤੀ ਜੋ ਪਾਠ ਦੀ ਚਿਹਨਕੀ ਪ੍ਰਕਿਰਿਆ ਦਾ ਵਿਸ਼ਲੇਸ਼ਣ ਕਰਨ ਵਲ ਰੁਚਿਤ ਹੁੰਦੀ ਹੈ। ਸਮਾਨੰਤਰ ਤੁਰਦੀ ਹੋਈ ਉਸ ਵਿਚਲੇ ਅਰਥਾਂ ਦੀ ਖੇਡ ਦਾ ਰਹੱਸ ਫਰੋਲਣ ਦਾ ਜਤਨ ਕਰਦੀ ਹੈ।

ਇਸੇ ਤਰ੍ਹਾਂ ਹੀ ਇਕ ਹੋਰ 'ਉੱਤਰ-ਸੰਰਚਨਾਵਾਦੀ' ਚਿੰਤਕ ਯੱਕ ਦੇਰੀਦਾ (Jacques Derrida) ਨੇ ਵੀ ਸਾਹਿੱਤਕ ਅਤੇ ਸੱਭਿਆਚਾਰਕ ਸਿਰਜਣਾਵਾਂ ਦੇ ਅਧਿਐਨ ਲਈ ਮਹੱਤਵਪੂਰਣ ਯੋਗਦਾਨ ਦਿੱਤਾ। ਦੇਰੀਦਾ ਮੂਲ ਰੂਪ ਵਿਚ ਦਰਸ਼ਨ-ਸ਼ਾਸਤਰੀ ਸੀ ਪਰ ਉਸਦੇ ਚਿੰਤਨ ਵਿਚ ਆਲੋਚਨਾਤਮਕ ਮਹੱਤਵ ਵਾਲੀਆਂ ਅੰਤਰ-ਦ੍ਰਿਸ਼ਟੀਆਂ ਛੁਪੀਆਂ ਹੋਈਆਂ ਹਨ। ਉਸਨੇ ਪੱਛਮ ਦੀ ਦਾਰਸ਼ਨਿਕ ਪਰੰਪਰਾ ਦੀ ਸ਼ਬਦ-ਕੇਂਦ੍ਰਿਤ (logocentric) ਸੋਚ ਦਾ ਆਲੋਚਨਾਤਮਕ ਮੁਲਾਂਕਣ (critique) ਕਰਦਿਆਂ ਭਾਸ਼ਾ, ਪ੍ਰਵਚਨ ਅਤੇ ਗਿਆਨ ਦੇ ਅੰਤਰ-ਸੰਬੰਧਾਂ ਦੀ ਪੁਨਰ-ਵਿਆਖਿਆ ਪੇਸ਼ ਕੀਤੀ। ਪੱਛਮੀ ਪਰੰਪਰਾ ਦੀ ਮੁੱਖ ਭ੍ਰਾਂਤੀ ਇਹ ਹੈ ਕਿ ਇਹ ਅਰਥ ਨੂੰ ਪਰਾਭੌਤਿਕ ਤੱਤ ਵਜੋਂ ਅਰਥ ਵਿਚ ਹਾਜ਼ਰ ਮੰਨਦੀ ਰਹੀ ਹੈ[1] ਇਸੇ ਲਈ ਇਹ ਸ਼ਬਦਾਂ ਵਿਚੋਂ ਅਰਥਾਂ ਦੀ ਤਲਾਸ਼ ਕਰਨ ਵਲ ਰੁਚਿਤ ਰਹੀ ਹੈ। ਦੇਰੀਦਾ ਨੇ ਆਪਣੀ ਸੁਪ੍ਰਸਿੱਧ ਸੰਕਲਪਨਾ difference ਰਾਹੀਂ ਇਹ ਗੱਲ ਪ੍ਰਮਾਣਿਤ ਕਰਨ ਦੀ ਚੇਸ਼ਟਾ ਕੀਤੀ ਹੈ ਕਿ ਅਰਥ ਹਮੇਸ਼ਾ ਭਿੰਨਤਾ ਅਤੇ ਸਥਗਨ ਵਿਚ ਰਹਿੰਦਾ ਹੈ। ਪਾਠ ਜਾਂ ਪ੍ਰਵਚਨ ਦੇ ਕਿਸੇ ਵੀ ਮੁਕਾਮ ਉੱਤੇ ਉਹ ਮੁਕੰਮਿਲ ਨਹੀਂ ਹੁੰਦਾ। ਉਸਨੇ ਪਾਠਗਤ ਆਲੋਚਨਾ ਦੀ ਥਾਵੇਂ ਇਕ ਵੱਖਰੀ ਕਿਸਮ ਦੀ ਵਿਰਚਨਾ-ਵਿਧੀ (deconstruction) ਦਾ ਸੰਕਲਪ ਸਾਮ੍ਹਣੇ ਲਿਆਂਦਾ। ਇਹ ਰਚਨਾ-ਪਾਠ ਵਿਚਲੇ ਦੀ ਅਰਥ-ਸਿਰਜਣ ਪ੍ਰਕਿਰਿਆ ਨੂੰ ਵਿਖੰਡਿਤ ਕਰਕੇ ਵਾਚਣ ਵਲ ਰੁਚਿਤ ਹੁੰਦੀ ਹੈ ਅਤੇ ਉਸਦੇ ਅੰਦਰ ਉਕਰੇ ਹੋਏ ਪੂਰਬਲੀਆਂ ਲਿਖਤਾਂ ਦੇ ਪੂਰਨਿਆਂ (traces) ਦੀ ਰੌਸ਼ਨੀ ਵਿਚ ਉਸਦਾ ਪੁਨਰ-

---

became something that was projected onto the work by a reading rather than a property of a narrative discovered by the reading."

Mark Currie, **Postmodern Narrative Theory**, P.2-3.

[1] ਦੇਰੀਦਾ ਨੇ ਇਸ ਸਿੱਧਾਂਤ ਨੂੰ Metaphysics of presence ਦਾ ਨਾਮ ਦਿੱਤਾ ਹੈ।

ਮੁੱਲਾਂਕਣ ਪੇਸ਼ ਕਰਦੀ ਹੈ। ਇਸ ਤੋਂ ਇਲਾਵਾ ਦੇਰੀਦਾ ਨੇ ਪਾਠ-ਰਚਨਾ ਵਿਚਲੇ ਮੂਲ ਵਿਰੋਧ-ਜੁੱਟਾਂ (binary oppositions) ਦੀ ਦਰਜੇ-ਬੰਦੀ ਨੂੰ ਉਲਟਾ ਕੇ ਵਾਚਣ ਦਾ ਮਹੱਤਵ ਉਜਾਗਰ ਕੀਤਾ।

ਸੰਖੇਪ ਵਿਚ, ਆਖਿਆ ਜਾ ਸਕਦਾ ਹੈ ਕਿ ਸੰਰਚਨਾਵਾਦੀ ਆਲੋਚਨਾ ਤੋਂ ਉੱਤਰ-ਸੰਰਚਨਾਵਾਦੀ ਆਲੋਚਨਾ ਤਕ ਦੀ ਯਾਤਰਾ, ਕਿਰਤ ਤੋਂ ਪਾਠ ਵਲ, ਵਾਕ ਤੋਂ ਪ੍ਰਵਚਨ ਵਲ ਅਤੇ ਆਲੋਚਨਾ ਤੋਂ ਵਿਰਚਨਾ ਵਲ ਪੁਲਾਂਘਾਂ ਪੁੱਟਦੀ ਦਿਖਾਈ ਦਿੰਦੀ ਹੈ। ਉੱਤਰ-ਸੰਰਚਨਾਵਾਦੀ ਚਿੰਤਕਾਂ ਨੇ ਸਾਹਿਤਕ ਪਾਠ ਦੇ ਅਧਿਐਨ ਲਈ 'ਵਾਕ' ਆਧਾਰਿਤ ਵਿਆਕਰਣਕ ਮਾੱਡਲ ਦੀ ਸੀਮਾ ਨੂੰ ਪਛਾਣਦਿਆਂ ਉਸਨੂੰ 'ਪ੍ਰਵਚਨ' (discourse) ਦੇ ਰੂਪ ਵਿਚ ਵਾਚਣ ਦਾ ਉਪਰਾਲਾ ਕੀਤਾ। ਜਿਥੇ 'ਵਾਕ' ਇਕ ਪ੍ਰਸੰਗ-ਰਹਿਤ ਬੰਦ ਸੰਰਚਨਾ ਹੈ (ਜਿਸਦਾ ਸਵੈ-ਆਧਾਰੀ ਅਧਿਐਨ ਸੰਭਵ ਹੈ) ਓਥੇ ਪ੍ਰਵਚਨ ਦੀ ਹੋਂਦ ਪ੍ਰਸੰਗ-ਸਹਿਤ ਹੈ। ਪ੍ਰਵਚਨ ਹਮੇਸ਼ਾ ਸਮਾਜ ਸੱਭਿਆਚਾਰ ਅਤੇ ਇਤਿਹਾਸ ਵਿਚ ਸਥਿਤ ਹੁੰਦਾ ਹੈ ਅਤੇ ਇਨ੍ਹਾਂ ਸੰਦਰਭਾਂ ਵਿਚ ਹੀ ਅਰਥ-ਸਾਰਥਕਤਾ ਗ੍ਰਹਿਣ ਕਰਦਾ ਹੈ। ਪ੍ਰਸਿੱਧ ਰੂਸੀ ਚਿੰਤਕ ਬਾਖ਼ਤਿਨ ਦੇ ਸ਼ਬਦਾਂ ਵਿਚ ਇਸਦਾ ਸੁਭਾ ਸੰਵਾਦੀ (dialogical) ਹੈ। ਇਸ ਤਰ੍ਹਾਂ ਹਰ ਪਾਠ ਹੋਰਨਾਂ ਪਾਠਾਂ ਜਾਂ ਆਪਣੇ ਸਮਕਾਲੀਨ ਯਥਾਰਥ ਨਾਲ ਰਚਾਇਆ ਗਿਆ ਸੰਵਾਦ ਹੁੰਦਾ ਹੈ। ਇਸੇ ਲਈ ਇਸਨੂੰ ਕੇਵਲ ਇਸਦੀ ਅੰਦਰਲੀ ਸੰਰਚਨਾ (?) ਦੇ ਹਵਾਲੇ ਨਾਲ ਨਹੀਂ ਵਾਚਿਆ ਜਾ ਸਕਦਾ।

ਉੱਤਰ-ਸੰਰਚਨਾਵਾਦੀ ਚਿੰਤਕਾਂ ਨੇ ਸੰਰਚਨਾ ਦੇ ਸੰਕਲਪ ਨੂੰ ਵਿਸਥਾਪਿਤ ਕਰਕੇ ਪਾਠ (text) ਅਤੇ ਅੰਤਰ-ਪਾਠ (intertext) ਦੇ ਮਹੱਤਵਪੂਰਣ ਸੰਕਲਪ ਪੇਸ਼ ਕੀਤੇ। ਉਨ੍ਹਾਂ ਨੇ ਪਾਠ ਨੂੰ ਚਿਹਨਾਂ ਦਾ ਅਜਿਹਾ ਨੈੱਟਵਰਕ ਆਖਿਆ ਜੋ ਕਿਸੇ ਬੰਦ ਸੰਰਚਨਾ ਵਾਂਗ ਇਕਾਗਰ ਜਾਂ ਇਕਹਿਰਾ ਅਰਥ ਸੰਚਾਰਿਤ ਨਹੀਂ ਕਰਦਾ ਸਗੋਂ ਬਹੁ-ਵਚਨੀ ਅਰਥਾਂ ਦੀ ਖੇਡ ਦਾ ਅਹਿਸਾਸ ਜਗਾਉਂਦਾ ਹੈ। ਇਹੀ ਕਾਰਣ ਹੈ ਕਿ ਪਾਠ ਵਿਚੋਂ ਅਨੇਕਾਰਥੀ ਧੁਨੀਆਂ ਨਿਕਲਦੀਆਂ ਹਨ ਜੋ ਹੋਰਨਾਂ ਪਾਠਾਂ ਨਾਲ ਸੰਵਾਦ ਰਚਾਉਂਦੀਆਂ ਹਨ। ਇਸ ਸੰਵਾਦੀ ਸਥਿਤੀ ਨੂੰ ਪੁਨਰ-ਸਿਰਜਿਤ ਕਰਨ ਲਈ ਸਮਾਜ-ਵਿਗਿਆਨ, ਮਨੋਵਿਗਿਆਨ ਅਤੇ ਹੋਰਨਾਂ ਸੰਬੰਧਿਤ ਗਿਆਨਖੇਤਰਾਂ ਦੀ ਅੰਤਰ-ਅਨੁਸ਼ਾਸਨੀ ਸੂਝ ਲੋੜੀਂਦੀ ਹੈ। ਪਾਠ ਅਤੇ ਅੰਤਰ-ਪਾਠ ਦੇ ਇਨ੍ਹਾਂ ਸੰਕਲਪਾਂ ਨੇ ਸਾਹਿਤ-ਸਿੱਧਾਂਤ ਅਤੇ ਆਲੋਚਨਾ ਦੇ ਖੇਤਰ ਵਿਚ ਮਹੱਤਵਯੋਗ ਰੋਲ ਅਦਾ ਕੀਤਾ। ਇਸ ਤਰ੍ਹਾਂ ਉੱਤਰ-ਸੰਰਚਨਾਵਾਦੀ ਚਿੰਤਕਾਂ ਨੇ ਆਪੋ ਆਪਣੇ ਢੰਗ ਨਾਲ ਇਸ ਖੇਤਰ ਨੂੰ ਪ੍ਰਫੁਲੱਤ ਕਰਨ ਦਾ ਉਪਰਾਲਾ ਕੀਤਾ ਹੈ। ਪਰਚੇ ਦੀ ਸੀਮਾਰੇਖਾ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਇਸ ਦਾ ਹੋਰ ਬਾਰੀਕੀ ਨਾਲ ਵੇਰਵਾ ਪੇਸ਼ ਨਹੀਂ ਕਰ ਸਕਦੇ। ਤਾਂ ਵੀ ਇੰਨਾ ਜ਼ਰੂਰ ਆਖਿਆ ਜਾ ਸਕਦਾ ਹੈ ਕਿ ਉੱਤਰ-ਸੰਰਚਨਾਵਾਦੀ ਸਾਹਿੱਤ-ਚਿੰਤਨ ਨੇ ਸਾਹਿੱਤ ਦੇ ਅਧਿਐਨ ਤੇ ਵਿਸ਼ਲੇਸ਼ਣ ਲਈ ਅਤਿਅੰਤ ਮਹੱਤਵਪੂਰਣ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕੀਤੀਆਂ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਰਚਿਤ ਪਾਠ ਦੀ ਬਹੁ-ਵਚਨੀ ਅਰਥ-ਸਿਰਜਣ ਪ੍ਰਕਿਰਿਆ ਦਾ ਰਹੱਸ ਫਰੋਲਿਆ ਜਾ ਸਕਦਾ ਹੈ।

ਅੰਤ ਵਿਚ ਅਸੀਂ ਉੱਤਰ-ਮਾਰਕਸਵਾਦੀ ਸਾਹਿਤ-ਸਿੱਧਾਂਤ ਅਤੇ ਸਮੀਖਿਆ ਬਾਰੇ ਗੱਲ ਕਰ ਸਕਦੇ ਹਾਂ। ਉੱਤਰ-ਸੰਰਚਨਾਵਾਦ ਵਾਂਗ ਉੱਤਰ-ਮਾਰਕਸਵਾਦ (ਜਾਂ ਨਵ-ਮਾਰਕਸਵਾਦ) ਵੀ ਅਜੋਕੇ ਦੌਰ ਵਿਚ ਵਿਕਸਿਤ ਹੋਈ ਮਹੱਤਵਪੂਰਣ ਚਿੰਤਨਧਾਰਾ ਹੈ। ਇਸਦੇ ਪਿਛੋਕੜ ਵਿਚ ਪਰੰਪਰਕ ਮਾਰਕਸਵਾਦ ਦਾ ਦਾਰਸ਼ਨਿਕ ਅਤੇ ਇਤਿਹਾਸਕ

ਫ਼ਲਸਫ਼ਾ ਕਾਰਜਸ਼ੀਲ ਹੈ। ਇਸ ਚਿੰਤਨ-ਪ੍ਰਣਾਲੀ ਦਾ ਦਾਰਸ਼ਨਿਕ ਆਧਾਰ ਦਵੰਦਾਤਮਕ ਭੌਤਿਕਵਾਦ (dialectical materialism) ਹੈ ਜਿਸਦੇ ਅੰਤਰਗਤ ਦਿਸਦੇ ਜਗਤ ਦੀ ਹਕੀਕਤ ਨੂੰ ਭੌਤਿਕ ਵਰਤਾਰੇ ਦੇ ਰੂਪ ਵਿਚ ਸੰਕਲਪਿਆ ਗਿਆ ਹੈ। ਦੇਸ-ਕਾਲ ਦੀ ਨਿਰੰਤਰਤਾ ਵਿਚ ਵਿਚਰਨ ਵਾਲਾ ਇਹ ਵਰਤਾਰਾ ਵਿਰੋਧ-ਵਿਕਾਸ ਦੇ ਨੇਮ ਅਧੀਨ ਗਤੀਸ਼ੀਲ ਹੈ। ਇਸ ਫ਼ਲਸਫ਼ੇ ਦਾ ਦੂਸਰਾ ਪਹਿਲੂ ਇਤਿਹਾਸਕ ਭੌਤਿਕਵਾਦ (historical materialism) ਨਾਲ ਸੰਬੰਧਿਤ ਹੈ ਜਿਸਦੇ ਅੰਤਰਗਤ ਮਨੁੱਖੀ ਸਮਾਜ ਦਾ ਵਿਸ਼ਲੇਸ਼ਣ ਆਰਥਿਕ ਅਤੇ ਰਾਜਨੀਤਕ ਸਥਿਤੀਆਂ ਦੇ ਹਵਾਲੇ ਨਾਲ ਕੀਤਾ ਜਾਂਦਾ ਹੈ। ਇਸਦੀ ਮੂਲ ਧਾਰਣਾ ਇਹ ਹੈ ਕਿ ਮਨੁੱਖੀ ਸਮਾਜ ਦਾ ਹੁਣ ਤਕ ਦਾ ਇਤਿਹਾਸ ਵਰਗ-ਸੰਘਰਸ਼ ਅਤੇ ਅਮਾਨਵੀ ਸ਼ੋਸ਼ਣ ਦਾ ਇਤਿਹਾਸ ਹੈ। ਮਾਰਕਸਵਾਦ ਸ਼ੋਸ਼ਣ-ਰਹਿਤ ਸਮਾਜ ਦੀ ਉਸਾਰੀ ਲਈ ਕ੍ਰਾਂਤੀਕਾਰੀ ਪਰਿਵਰਤਨ ਦਾ 'ਵਿਗਿਆਨਕ' ਹੱਲ ਪੇਸ਼ ਕਰਦਾ ਹੈ।[1] ਇਸ ਤਰ੍ਹਾਂ ਇਹ ਮਿਹਨਤਕਸ਼ ਵਰਗ ਨਾਲ ਪ੍ਰਤਿਬੱਧਤਾ ਰੱਖਣ ਵਾਲਾ ਕ੍ਰਾਂਤੀਕਾਰੀ ਫ਼ਲਸਫ਼ਾ ਹੋ ਨਿਬੜਦਾ ਹੈ। ਇਸ ਮੰਤਵ ਲਈ ਮਾਰਕਸਵਾਦੀ ਚਿੰਤਨ-ਪ੍ਰਣਾਲੀ ਨੇ ਸਾਮਾਜਿਕ ਆਰਥਿਕ ਬਣਤਰ ਦਾ ਵਿਸ਼ਲੇਸ਼ਣ ਪੇਸ਼ ਕੀਤਾ ਹੈ ਜਿਸਦੇ ਕੇਂਦਰੀ ਸੰਕਲਪ ਹਨ - ਆਧਾਰ-ਸੰਰਚਨਾ ਤੇ ਉਸਾਰ-ਸੰਰਚਨਾ (base / superstructure) ਵਰਗ-ਸੰਘਰਸ਼ (class struggle) ਅਤੇ ਵਿਚਾਰਧਾਰਾ (ideology)। ਕਿਸੇ ਵੀ ਸਮਾਜ ਵਿਚ ਪ੍ਰਚੱਲਤ ਅਰਥ-ਵਿਵਸਥਾ ਉਸਦੀ ਆਧਾਰ-ਸੰਰਚਨਾ ਹੁੰਦੀ ਹੈ ਜਿਸ ਉੱਪਰ ਸਮਾਜ ਦਾ ਉਸਾਰ ਉੱਸਰਿਆ ਹੁੰਦਾ ਹੈ।

ਇਸ ਚਿੰਤਨ-ਪ੍ਰਣਾਲੀ ਅਨੁਸਾਰ ਸਾਹਿਤ, ਕਲਾ ਅਤੇ ਹੋਰ ਸਭਿਆਚਰਕ ਸਿਰਜਣਾਵਾਂ ਵਿਚਾਰਧਾਰਕ ਉਤਪਾਦਨ ਦੇ ਵਿਭਿੰਨ ਰੂਪ ਹਨ ਜਿਨ੍ਹਾਂ ਨੂੰ ਅੰਤਿਮ ਤੌਰ ਤੇ ਆਧਾਰ-ਸੰਰਚਨਾ ਹੀ ਨਿਰਧਾਰਿਤ ਕਰਦੀ ਹੈ। ਇਸ ਦੌਰ ਦੇ ਮਾਰਕਸਵਾਦੀ ਸਾਹਿਤ-ਚਿੰਤਕਾਂ ਨੇ ਸਾਹਿਤ-ਅਧਿਐਨ ਅਤੇ ਸਮੀਖਿਆ ਦਾ ਇਸੇ ਕਿਸ ਦਾ ਸੰਕਲਪ ਸਾਮ੍ਹਣੇ ਰੱਖਿਆ। ਉਨ੍ਹਾਂ ਨੇ ਵਰਗ-ਸੰਘਰਸ਼ ਨੂੰ ਸਮਰਪਿਤ ਕ੍ਰਾਂਤੀਕਾਰੀ ਚੇਤਨਾ ਨੂੰ ਸਾਹਿਤਕ ਵਿਹਾਰ ਦਾ ਮਾੱਡਲ ਬਣਾਉਣ ਦੀ ਚੇਸ਼ਟਾ ਕੀਤੀ। ਮਾਰਕਸਵਾਦੀ ਆਲੋਚਨਾ ਸਾਹਿਤਕ ਕਿਰਤਾਂ ਦਾ ਅਧਿਐਨ ਵਰਗ-ਸੰਘਰਸ਼ ਅਤੇ ਵਿਚਾਰਧਾਰਾ ਦੇ ਹਵਾਲੇ ਨਾਲ ਕਰਨ ਵਲ ਰੁਚਿਤ ਹੁੰਦੀ ਹੈ। ਇਸ ਤੋਂ ਇਲਾਵਾ ਇਹ ਸਾਹਿਤ ਦਾ ਵਿਸ਼ਲੇਸ਼ਣ ਉਨ੍ਹਾਂ ਇਤਿਹਾਸਕ ਸਥਿਤੀਆਂ ਦੀ ਰੋਸ਼ਨੀ ਵਿਚ ਕਰਨ ਦਾ ਉਪਰਾਲਾ ਕਰਦੀ ਹੈ ਜਿਨ੍ਹਾਂ ਵਿਚ ਉਸ ਦੀ ਸਿਰਜਣਾ ਹੋਈ ਹੁੰਦੀ ਹੈ। ਅਜੋਕੇ ਵਿਦਵਾਨਾਂ ਨੇ ਮਾਰਕਸਵਾਦੀ ਚਿੰਤਨ ਦੇ ਇਸ ਮੁੱਢਲੇ ਦੌਰ ਨੂੰ ਕਲਾਸੀਕਲ ਜਾਂ ਪਰੰਪਰਕ ਮਾਰਕਸਵਾਦ ਦਾ ਨਾਮ ਦਿੱਤਾ ਹੈ।

ਸਾਡਾ ਸਰੋਕਾਰ ਇਥੇ ਉੱਤਰ-ਮਾਰਕਸਵਾਦੀ ਸਾਹਿਤ-ਸਿੱਧਾਂਤ ਅਤੇ ਸਮੀਖਿਆ ਨਾਲ ਹੈ। ਇਹ ਸਮੀਖਿਆ-ਵਿਧੀ ਮੂਲ ਰੂਪ ਵਿਚ ਕਲਾਸੀਕਲ ਮਾਰਕਸਵਾਦ ਦੀ ਹੀ ਉਪਜ ਹੈ ਅਤੇ ਉਸਦੀਆਂ ਬੁਨਿਆਦੀ ਦਾਰਸ਼ਨਿਕ ਸਥਾਪਨਾਵਾਂ ਨੂੰ ਪ੍ਰਵਾਨ ਕਰਦੀ ਹੈ। ਪਰ ਇਸਦੇ ਨਾਲ ਹੀ ਇਹ ਸੰਰਚਨਾਵਾਦ ਅਤੇ ਉੱਤਰ-ਸੰਰਚਨਾਵਾਦ ਦਾ ਪ੍ਰਭਾਵ ਵੀ ਗ੍ਰਹਿਣ

---

[1] "Marxism is a scientific theory of human societies and of the practice of transforming them; and what that means, rather more concretely, is that narrative Marxism has to deliver is the story of struggles of men and women to free themselves from certain forms of exploitation and oppression.", Eagleton, Terry, **Marxism and Literary Criticism,** Metheun, London, p- vii.

ਕਰਦੀ ਹੈ। ਇਸੇ ਲਈ ਕਈ ਵਾਰੀ ਇਸਨੂੰ ਸੰਰਚਨਾਵਾਦੀ ਮਾਰਕਸਵਾਦ ਵੀ ਆਖਿਆ ਜਾਂਦਾ ਹੈ। ਅਸਲ ਵਿਚ ਇਸ ਚਿੰਤਨਧਾਰਾ ਨੇ ਕਲਾਸੀਕਲ ਮਾਰਕਸਵਾਦ ਦੀਆਂ ਕੁਝ ਮਹੱਤਵਪੂਰਣ ਧਾਰਣਾਵਾਂ ਨੂੰ ਸੰਰਚਨਾਵਾਦੀ ਚਿੰਤਨ ਦੀ ਰੌਸ਼ਨੀ ਵਿਚ ਸੋਧਣ ਅਤੇ ਵਿਸਤਾਰਨ ਦਾ ਜਤਨ ਕੀਤਾ ਹੈ। ਇਸ ਸੰਦਰਭ ਵਿਚ ਲੂਈ ਅਲਥੂਸਰ (Louis Althusser) ਦਾ ਨਾਮ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ। ਸਮਕਾਲੀ ਚਿੰਤਕ Gary Wihl ਦੇ ਸ਼ਬਦਾਂ ਵਿਚ :

"The specific structuralist challenge within Marxism made its debut in the work of Louis Althusser . . . his most radical insights into the writings of Karl Marx and Friedrich Engels overlap with the anthropological work of Levi-Strauss, Lacanian psychoanalysis, and Foucault's historical analysis of social control exercised within different humanist disciplines."[1]

ਇਸ ਚਿੰਤਨਧਾਰਾ ਦੇ ਪ੍ਰਮੁੱਖ ਵਿਦਵਾਨਾਂ ਵਿਚ ਪੀਅਰੇ ਮਾਸ਼ੇਰੀ, ਫ੍ਰੈਡਰਿਕ ਜੇਮਸਨ ਅਤੇ ਟੈਰੀ ਈਗਲਟਨ ਦਾ ਨਾਮ ਲਿਆ ਜਾ ਸਕਦਾ ਹੈ। ਇਨ੍ਹਾਂ ਚਿੰਤਕਾਂ ਨੇ ਆਪੋ ਆਪਣੇ ਢੰਗ ਨਾਲ ਉੱਤਰ-ਮਾਰਕਸਵਾਦੀ ਚਿੰਤਨਧਾਰਾ ਨੂੰ ਵਿਕਸਿਤ ਕਰਨ ਦਾ ਉਪਰਾਲਾ ਕੀਤਾ ਹੈ। ਮਾਸ਼ੇਰੀ ਨੇ ਆਪਣੀ ਪੁਸਤਕ **Theory of Literary Production** ਵਿਚ ਇਹ ਧਾਰਣਾ ਪੇਸ਼ ਕੀਤੀ ਹੈ ਕਿ ਸਾਹਿਤਕ ਰਚਨਾ ਦੀ ਸੰਰਚਨਾ ਉਸਦਾ ਅੰਤਿਮ ਰੂਪ ਹੁੰਦਾ ਹੈ ਜੋ ਲੇਖਕ ਦੇ ਸਭਿਆਚਾਰ ਅਤੇ ਉਸਦੇ ਵਿਚਾਰਧਾਰਾਈ ਧੁਰੇ ਨੂੰ ਨਿਰਧਾਰਿਤ ਕਰਦਾ ਹੈ। ਮਾਸ਼ੇਰੀ ਸਾਹਿਤਕ ਕਿਰਤਾਂ ਨੂੰ ਕੋਈ ਸਥਿਰ ਵਸਤੂ ਨਹੀਂ ਮੰਨਦਾ ਸਗੋਂ ਅਰਥਾਂ ਦਾ ਉਤਪਾਦਨ ਕਰਨ ਵਾਲੀ ਗਤੀਸ਼ੀਲ ਸਿਰਜਣਾ ਮੰਨਦਾ ਹੈ। ਇਸ ਤੋਂ ਇਲਾਵਾ ਉਹ ਰਚਨਾ ਦੀ ਸੰਰਚਨਾ ਵਿਚਲੇ ਖੱਪਿਆਂ ਅਤੇ ਖ਼ਾਮੋਸ਼ੀਆਂ ਦੀ ਗੱਲ ਵੀ ਕਰਦਾ ਹੈ ਜੋ ਰਚਨਾ ਵਿਚੋਂ ਬਹੁ-ਵਚਨੀ ਅਰਥਾਂ ਦੀ ਤਲਾਸ਼ ਦਾ ਸੱਦਾ ਦਿੰਦੀਆਂ ਹਨ।

ਇਸ ਧਾਰਾ ਦੇ ਪ੍ਰਮੁੱਖ ਚਿੰਤਕਾਂ ਵਿਚ ਫ਼੍ਰੈਡਰਿਕ ਜੇਮਸਨ ਦਾ ਆਪਣਾ ਮਹੱਤਵ ਹੈ। ਉਸਨੇ ਆਪਣੀ ਪੁਸਤਕ "**The Political Unconscious**" ਵਿਚ ਬਿਰਤਾਂਤ (ਸਾਹਿਤ) ਨੂੰ ਸਾਮਾਜਿਕ-ਪ੍ਰਤੀਕਤਮਕ ਕਾਰਜ ਦੇ ਰੂਪ ਵਿਚ ਪਰਿਭਾਸ਼ਿਤ ਕਰਦਿਆਂ ਉਸਦੇ ਬਹੁ-ਪਰਤੀ ਵਿਸ਼ਲੇਸ਼ਣ ਉੱਤੇ ਜ਼ੋਰ ਦਿੱਤਾ ਹੈ। ਉਸਦੇ ਮਤ-ਅਨੁਸਾਰ ਬਿਰਤਾਂਤ ਦਾ ਸਿਰਜਣ ਨਿਰੋਲ ਸੁਚੇਤ ਜਾਂ ਵਿਅਕਤੀਗਤ ਕਾਰਜ ਨਹੀਂ ਸਗੋਂ ਇਸਦੇ ਪਿਛੋਕੜ ਵਿਚ ਅਵਚੇਤਨ ਪ੍ਰੇਰਣਾ ਸਰੋਤ ਵੀ ਕਾਰਜਸ਼ੀਲ ਹੁੰਦੇ ਹਨ ਜਿਨ੍ਹਾਂ ਦਾ ਅਧਿਐਨ ਜ਼ਰੂਰੀ ਹੈ। ਇਹ ਅਵਚੇਤਨ ਪ੍ਰੇਰਣਾ ਸਰੋਤ ਰਚਨਾ ਦੇ ਸਮਕਾਲੀ ਇਤਿਹਾਸਕ ਯਥਾਰਥ ਅਤੇ ਵੇਲੇ ਦੀ ਸਾਮਾਜਿਕ-ਆਰਥਕ ਬਣਤਰ (socio-economic formation) ਨਾਲ ਸੰਬੰਧਿਤ ਹੁੰਦੇ ਹਨ। ਇਸ ਮੰਤਵ ਦੀ ਪੂਰਤੀ ਲਈ ਜੇਮਸਨ ਨੇ ਬਿਰਤਾਂਤਕ ਵਿਸ਼ਲੇਸ਼ਣ ਦੇ ਤਿੰਨ ਧਰਤਲਾਂ ਦੀ ਸੰਕਲਪਨਾ ਪੇਸ਼ ਕੀਤੀ ਹੈ। ਵਿਸ਼ਲੇਸਣ ਦਾ ਪਹਿਲਾ ਧਰਾਤਲ ਕਥਾ ਦਾ ਧਰਾਤਲ ਹੈ। ਇਹ ਪਾਤਰਾਂ ਅਤੇ ਘਟਨਾਵਾਂ ਦੇ ਮਾਧਿਅਮ ਰਾਹੀਂ ਹੋਂਦ ਵਿਚ ਆਏ ਉਸ ਸਾਮਾਜਿਕ ਪ੍ਰਤੀਕਾਤਮਕ ਕਾਰਜ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ ਜੋ ਬਿਰਤਾਂਤ ਦੀ ਅਰਥ-

[1]www.press.jhu.edu/books/hopkins_guide_to_literary_theory/entries/marxist_theory_and_critic...

ਸਾਰਥਕਤਾ ਅਤੇ ਉਸਦੀ ਵਿਅਕਤੀਗਤ ਵਿਲੱਖਣਤਾ ਦਾ ਮੁੱਢਲਾ ਆਧਾਰ ਹੁੰਦਾ ਹੈ। ਬਿਰਤਾਂਤਕ ਰਚਨਾ ਦੇ ਵਿਸ਼ਲੇਸ਼ਣ ਦਾ ਦੂਸਰਾ ਧਰਾਤਲ ਰਚਨਾ ਨੂੰ ਸਾਮਾਜਿਕ ਆਰਥਕ ਬਣਤਰ ਨਾਲ ਸੰਬੰਧਿਤ ਕਕੇ ਵਾਚਣ ਦਾ ਸੁਝਾਉ ਪੇਸ਼ ਕਰਦਾ ਹੈ।। ਜੇਮਸਨ ਦੇ ਮਤ ਅਨੁਸਾਰ ਬਿਰਤਾਂਤ-ਰਚਨਾ ਜਿਥੇ ਕਥਾ ਦੇ ਮਾਧਿਅਮ ਰਾਹੀਂ ਵਿਭਿੰਨ ਪਾਤਰਾਂ ਦੀ ਵਿਅਕਤੀਗਤ ਸਥਿਤੀ ਅਤੇ ਮਾਨਸਿਕਤਾ ਦਾ ਬਿੰਬ ਸਿਰਜਦੀ ਹੈ ਉਥੇ ਇਹ ਪ੍ਰਤੱਖ ਜਾਂ ਪਰੋਖ ਰੂਪ ਵਿਚ ਆਪਣੇ ਵੇਲੇ ਦੇ ਵਰਗ-ਸੰਘਰਸ਼ ਨੂੰ ਵੀ ਮੂਰਤੀਮਾਨ ਕਰਦੀ ਹੈ। ਪਰ ਇਸ ਵਿਚਲਾ ਇਹ ਸੰਘਰਸ਼ ਪ੍ਰਵਚਨ ਅਤੇ ਵਿਚਾਰਧਾਰਾ ਦੇ ਰੂਪ ਵਿਚ ਸਾਮ੍ਹਣੇ ਆਉਂਦਾ ਹੈ। ਵਿਸ਼ਲੇਸ਼ਣ ਦੇ ਇਸ ਧਰਾਤਲ ਉੱਤੇ ਉਹ ਰਚਨਾ ਨੂੰ ਸਾਮੂਹਿਕ ਵਰਗ-ਪ੍ਰਵਚਨ (collective class-discourse) ਦੇ ਤੌਰ ਤੇ ਵਾਚਣ ਵਲ ਰੁਚਿਤ ਹੁੰਦਾ ਹੈ। ਉਹ ਇਸ ਵਿਚੋਂ ਪਰਸਪਰ ਵਿਰੋਧੀ ਪ੍ਰਵਚਨਾਂ ਦੀਆਂ ਧੁਨੀਆਂ ਸੁਣਨ ਦਾ ਉਪਰਾਲਾ ਕਰਦਾ ਹੈ ਅਤੇ ਉਨ੍ਹਾਂ ਦੇ ਆਧਾਰ ਉੱਤੇ ਰਚਨਾ ਦੇ ਉਸ ਸਿਆਸੀ ਅਵਚੇਤਨ ਦੀ ਤਲਾਸ਼ ਕਰਦਾ ਹੈ ਜੋ ਵਿਚਾਰਧਾਰਾਈ ਸੰਘਰਸ਼ ਦੇ ਰੂਪ ਵਿਚ ਉਜਾਗਰ ਹੁੰਦਾ ਹੈ। ਜੇਮਸਨ ਦੀ ਵਿਸ਼ਲੇਸ਼ਣੀ ਵਿਧੀ ਦਾ ਤੀਸਰਾ ਤੇ ਅੰਤਿਮ ਧਰਾਤਲ ਉਸ ਇਤਿਹਾਸਕ ਯਥਾਰਥ ਦੀ ਨਿਸ਼ਾਨਦੇਹੀ ਕਰਨ ਵਲ ਰੁਚਿਤ ਹੁੰਦਾ ਹੈ ਜੋ ਵਿਭਿੰਨ ਚਿਹਨ-ਪ੍ਰਬੰਧਾਂ ਦੇ ਮਾਧਿਅਮ ਰਾਹੀਂ ਹੋਂਦ ਵਿਚ ਆਉਂਦਾ ਹੈ। ਇਸ ਮੰਤਵ ਲਈ ਉਹ ਰਚਨਾ ਦੀ ਵਿਧਾ ਉੱਤੇ ਧਿਆਨ ਕੇਂਦ੍ਰਿਤ ਕਰਦਾ ਹੈ ਅਤੇ ਇਸਨੂੰ ਇਤਿਹਾਸਕ ਯਥਾਰਥ ਦੇ ਹਵਾਲੇ ਨਾਲ ਪੁਨਰ-ਪਰਿਭਾਸ਼ਿਤ ਕਰਨ ਵਲ ਰੁਚਿਤ ਹੁੰਦਾ ਹੈ। ਉਸਦੀ ਧਾਰਣਾ ਹੈ ਕਿ ਸਾਹਿਤਕ ਵਿਧਾਵਾਂ ਆਪਣੇ ਦੌਰ ਦੇ ਚਿਹਨਕੀ ਵਿਹਾਰ ਵਿਚੋਂ ਉਪਜੇ ਵਿਚਾਰਧਾਰਾਈ ਪ੍ਰਗਟਾਉ-ਰੂਪ ਹੁੰਦੇ ਹਨ। ਮਿਸਾਲ ਵਜੋਂ ਮਹਾਕਾਵਿ, ਮੱਧਕਾਲੀ ਰੁਮਾਂਸ ਅਤੇ ਨਾਵਲ ਸਿਰਫ਼ ਨਿੱਖੜਵੇਂ ਸਾਹਿਤਕ ਰੂਪ ਹੀ ਨਹੀਂ ਹਨ
ਸਗੋਂ ਆਪੋ ਆਪਣੇ ਦੌਰ ਦੀ ਪ੍ਰਤਿਨਿਧਤਾ ਵੀ ਕਰਦੇ ਹਨ। ਇਸੇ ਲਈ ਇਨ੍ਹਾਂ ਦੇ ਰਚਨਾ-ਸੰਗਠਨ ਵਿਚੋਂ ਇਤਿਹਾਸ ਦੀਆਂ ਪ੍ਰਤਿਧੁਨੀਆਂ ਸੁਣੀਆਂ ਜਾ ਸਕਦੀਆਂ ਹਨ।

ਅਸਲ ਵਿਚ ਫ਼੍ਰੈਡਰਿਕ ਜੇਮਸਨ ਦੀ ਵਿਸ਼ਲੇਸ਼ਣੀ ਵਿਧੀ ਰਚਨਾ ਦੇ ਉਸ ਧਰਾਤਲ ਨੂੰ ਮੂਰਤੀਮਾਨ ਕਰਨ ਦੀ ਵਿਧੀ ਹੈ ਜਿੱਥੇ ਅਰਥਾਂ ਦੀ ਅਵਚੇਤਨ ਸਿਆਸਤ ਕਾਰਜਸ਼ੀਲ ਹੁੰਦੀ ਹੈ। ਉਸਦੇ ਮਤ ਅਨੁਸਾਰ ਬਿਰਤਾਂਤ ਦੇ ਸਿਆਸੀ ਅਵਚੇਤਨ ਦੀ ਪਛਾਣ ਉਸਦੇ ਪਾਠਕੀ ਤੱਤਾਂ, ਉਸਦੀਆਂ ਚਿਹਨਕੀ ਜੁਗਤਾਂ ਅਤੇ ਉਸਦੀਆਂ ਵਿਧਾਮੂਲਕ ਵਿਸ਼ੇਸ਼ਤਾਵਾਂ ਦੇ ਅਧਿਐਨ ਰਾਹੀਂ ਹੁੰਦੀ ਹੈ। ਰਚਨਾ ਦਾ ਵਿਅਕਤੀਗਤ ਪ੍ਰਵਚਨ ਅੰਤਿਮ ਤੌਰ ਤੇ ਸਾਮੂਹਿਕ ਵਰਗ-ਪ੍ਰਵਚਨ ਦਾ ਅਨਿੱਖੜ ਅੰਗ ਹੋ ਨਿਬੜਦਾ ਹੈ ਜਿਸਨੂੰ ਮਾਰਕਸਵਾਦ / ਉੱਤਰ-ਮਾਰਕਸਵਾਦ ਦੇ ਵਿਆਖਿਆਤਮਕ ਕੋਡ ਰਾਹੀਂ ਭਲੀ ਭਾਂਤ ਵਾਚਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਜੇਮਸਨ ਨੇ ਉੱਤਰ-ਆਧੁਨਿਕਵਾਦ ਬਾਰੇ ਵੀ ਮਹੱਤਵਪੂਰਣ ਸਿੱਧਾਂਤੀਕਰਣ ਪ੍ਰਸਤੁਤ ਕੀਤਾ ਹੈ ਜੋ ਅਜੋਕੇ ਦੌਰ ਦੀ ਪ੍ਰਤਿਨਿਧਤਾ ਕਰਨ ਵਾਲੀ ਮਾਨਵੀ ਸਥਿਤੀ ਅਤੇ ਸੋਚ ਹੈ। ਉਸਨੇ ਉੱਤਰ-ਆਧੁਨਿਕਤਾ ਨੂੰ ਅਜੋਕੇ ਵਿਕਸਿਤ ਪੂੰਜੀਵਾਦੀ ਪ੍ਰਬੰਧ ਦਾ ਸਭਿਆਚਾਰਕ ਵਿਵੇਕ ਆਖਿਆ ਹੈ ਅਤੇ ਇਸਦੇ ਪ੍ਰਭਾਵ ਜਾਂ ਪ੍ਰਤਿਕਰਮ ਵਿਚੋਂ ਉਪਜੇ ਵਿਭਿੰਨ ਸਾਹਿਤ ਰੂਪਾਂ ਦੀ ਨਿਸ਼ਾਨਦੇਹੀ ਕਰਨ ਦਾ ਉਪਰਾਲਾ ਕੀਤਾ ਹੈ।

ਇਸੇ ਤਰ੍ਹਾਂ ਟੈਰੀ ਈਗਲਟਨ ਵੀ ਅਜੋਕੇ ਦੌਰ ਦਾ ਪ੍ਰਮੁੱਖ ਉੱਤਰ-ਸੰਰਚਨਾਵਾਦੀ ਚਿੰਤਕ ਹੈ। ਉਸਨੇ ਸੰਰਚਨਾਵਾਦੀ ਅਤੇ ਉੱਤਰ-ਸੰਰਚਨਾਵਾਦੀ ਚਿੰਤਨ ਨਾਲ ਸੰਵਾਦ ਰਚਾਉਂਦਿਆਂ ਆਪਣੀ ਵਿਲਖਣ ਅਤੇ ਧਰੂਵੀ

(polemical) ਮਾਰਕਸਵਾਦੀ ਪਹੁੰਚ ਵਿਕਸਿਤ ਕੀਤੀ ਹੈ। ਉਸਨੇ ਮਾਰਕਸਵਾਦੀ ਆਲੋਚਨਾ ਦੇ ਸਰੂਪ, ਪ੍ਰਕਾਰਜ ਅਤੇ ਇਤਿਹਾਸ ਨਾਲ ਜਾਣ-ਪਛਾਣ ਵੀ ਕਰਾਈ ਹੈ ਅਤੇ ਸਾਹਿਤ-ਚਿੰਤਨ ਦੀਆਂ ਵਿਭਿੰਨ ਪਹੁੰਚ-ਵਿਧੀਆਂ ਦਾ ਆਲੋਚਨਾਤਮਕ ਮੁਲਾਂਕਣ ਵੀ ਕੀਤਾ ਹੈ। ਇਸ ਸੰਦਰਭ ਵਿਚ ਉਸਦੀਆਂ ਮਹੱਤਵਪੂਰਣ ਪੁਸਤਕਾਂ ਹਨ - Marxism And Literary Criticism, Criticism and Ideology, Literary Theory, Ideology an Introduction ਅਤੇ Illusions of Postmodernism. ਇਸ ਚਿੰਤਕ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਨੇ ਵਿਸ਼ਵੀਕਰਣ ਦੇ ਅਜੋਕੇ ਦੌਰ ਵਿਚ ਉੱਤਰ-ਮਾਰਕਸਵਾਦੀ ਚਿੰਤਨ ਦੀ ਸਾਰਥਕਤਾ ਤੇ ਮਹੱਤਵ ਨੂੰ ਉਜਾਗਰ ਕੀਤਾ ਹੈ। ਟੈਰੀ ਈਗਲਟਨ ਨੇ ਵਿਚਾਰਧਾਰਾ ਦੇ ਖੇਤਰ ਵਿਚ ਵਧੇਰੇ ਕਾਰਜ ਕੀਤਾ ਹੈ ਅਤੇ ਇਸੇ ਨੂੰ ਆਧਾਰ ਬਣਾ ਕੇ ਉਸ ਨੇ ਸਮਕਾਲੀ ਸਾਹਿਤ-ਸਭਿਆਚਾਰ ਦਾ ਵਿਸ਼ਲੇਸ਼ਣ ਤੇ ਮੁਲਾਂਕਣ ਪੇਸ਼ ਕੀਤਾ ਹੈ। ਉਸਨੇ ਆਲੋਚਨਾ ਨੂੰ ਨਿਰੋਲ ਆਕਾਦਮਿਕ ਨਾ ਮੰਨਦੇ ਹੋਏ ਇਸਦੇ ਸਿਆਸੀ ਪ੍ਰਕਾਰਜ ਨੂੰ ਉਭਾਰਿਆ ਹੈ।

ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਉੱਤਰ-ਸੰਰਚਨਾਵਾਦ ਅਤੇ ਉੱਤਰ-ਮਾਰਕਸਵਾਦ ਅਜੋਕੇ ਦੌਰ ਵਿਚ ਸਾਮ੍ਹਣੇ ਆਈਆਂ ਮਹੱਤਵਪੂਰਣ ਚਿੰਤਨਧਾਰਾਵਾਂ ਹਨ। ਇਨ੍ਹਾਂ ਨੇ ਮਨੁੱਖੀ ਜੀਵਨ ਦੇ ਹੋਂਦ-ਮੁਖੀ ਸਰੋਕਾਰਾਂ ਅਤੇ ਯਥਾਰਥ ਦਾ ਵਿਸ਼ਲੇਸ਼ਣ ਪੇਸ਼ ਕਰਨ ਦੇ ਨਾਲ ਨਾਲ ਸਮਕਾਲੀ ਸਾਹਿਤ-ਚਿੰਤਨ ਅਤੇ ਸਮੀਖਿਆ ਨੂੰ ਵੀ ਪ੍ਰਫੁਲੱਤ ਕੀਤਾ ਹੈ ਅਤੇ ਉਸਨੂੰ ਵਿਸ਼ੇਸ਼ ਭਾਂਤ ਦੀ ਊਰਜਾ ਬਖ਼ਸ਼ੀ ਹੈ।